ਸਥਾਪਤ 1903

ੴ ਸਤਿਗੁਰ ਪ੍ਰਸਾਦਿ ॥

ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਤੀਨਿਧ ਪੱਤਰ




# ਖ਼ਾਲਸਾ ਐਡਵੋਕੇਟ



ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ

ਜਿਲਦ : 118 | ਅੰਕ : 111 | ਨਵੰਬਰ 2022 | ਭੇਟਾ - 10/- ਰੁਪੈ

## ਵਿਸ਼ਵ ਭਰ ਵਿਚ ਸਿੱਖ ਸੰਗਤਾਂ ਨੇ ਸਿੱਖ ਇਤਿਹਾਸਕ ਦਿਹਾੜੇ ਸਿੱਖੀ ਜਾਹੋ ਜਲਾਲ ਨਾਲ ਮਨਾਏ ਨਗਰ ਕੀਰਤਨ, ਗੁਰਬਾਣੀ ਦਾ ਰਸਭਿੰਨਾ ਕੀਰਤਨ, ਫੁਲਾਂ ਦੀ ਸਜਾਵਟ, ਥਾਂ ਥਾਂ ਤੇ ਲੰਗਰ ਤੇ ਦੀਪਮਾਲਾ ਨੇ ਸਿਰਜਿਆ ਰੂਹਾਨੀ ਮਾਹੌਲ

## ਗੁਰੂ ਨਾਨਕ ਆਗਮਨ, ਬੰਦੀ ਛੋੜ ਅਤੇ ਗੁਰਤਾਗੱਦੀ ਦਿਵਸ ਲਈ ਗੁਰੂ ਘਰਾਂ ਵਿਚ ਸੰਗਤਾਂ ਦਾ ਆਇਆ ਜਨ ਸੈਲਾਬ

## ਦੀਵਾਨ ਦੇ ਸਮੂਹ ਅਦਾਰਿਆ ਵਿਚ ਪ੍ਰਬੰਧਕਾਂ ਤੇ ਵਿਦਿਆਰਥੀਆਂ ਵਿਚ ਭਾਰੀ ਉਤਸ਼ਾਹ

## ਸਾਨੂੰ ਮਤਭੇਦ ਭੁਲਾਕੇ ਸਰਬੱਤ ਦਾ ਭੱਲਾ ਮੰਗਣ ਵਾਲੀ ਸੋਚ ਬਣਾਉਣ ਦੀ ਵਧੇਰੇ ਲੋੜ -ਡਾ.ਨਿੱਜਰ





ਅਕਤੂਬਰ ਦੇ ਮਹੀਨੇ ਅਤੇ ਨਵੰਬਰ ਦੇ ਪਹਿਲੇ ਹਫ਼ਤੇ ਆਏ ਵਿਭਿੰਨ ਸਿੱਖ ਇਤਿਹਾਸਕ ਦਿਹਾੜੇ ਜਿਨ੍ਹਾਂ ਵਿਚ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਦੇ ਸਿਰਜਕ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ 488ਵਾਂ ਪ੍ਰਕਾਸ਼ ਦਿਵਸ, ਸਤਵੇਂ ਗੁਰੂ ਹਰਿਰਾਏ ਸਾਹਿਬ ਜੀ ਦਾ ਜੋਤੀ ਜੋਤਿ ਅਤੇ ਅਠਵੇਂ ਗੁਰੂ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ, ਬਾਬਾ ਬੁੱਢਾ ਜੀ ਦਾ ਜਨਮ ਦਿਵਸ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ, ਚੀਫ਼ ਖ਼ਾਲਸਾ ਦੀਵਾਨ ਦਾ 120ਵਾਂ ਸਥਾਪਨਾ ਦਿਵਸ, ਸਾਕਾ ਪੰਜਾ ਸਾਹਿਬ ਦੀ ਸ਼ਤਾਬਦੀ ਅਤੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 553ਵਾਂ ਪ੍ਰਕਾਸ਼-ਦਿਵਸ ਆਦਿ ਵਿਸ਼ਵ ਭਰ ਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾ ਨੇ ਬੜੀ ਧੂਮ-ਧਾਮ ਨਾਲ ਮਨਾਏ। ਇਸ ਸਮੇਂ ਸੰਗਤਾਂ ਨੇ ਪ੍ਰਭਾਵ ਫੇਰੀਆਂ, ਨਗਰ ਕੀਰਤਨ, ਗੁਰਬਾਣੀ ਕੀਰਤਨ, ਥਾਂ-ਥਾਂ ਤੇ ਲੰਗਰ, ਥਾਂ-ਥਾਂ ਤੇ ਬਜ਼ਾਰਾਂ ਦੀ ਸਜਾਵਟ ਅਤੇ ਰਾਤ ਨੂੰ ਕੀਤੀ ਦੀਪਮਾਲਾ ਨੇ ਅਲੌਕਿਕ ਨਜ਼ਾਰੇ ਅਤੇ ਵਿਸ਼ੇਸ਼ ਤੌਰ ਤੇ ਦਾਲ ਰੋਟੀ ਘਰ ਦੀ ਦੀਵਾਲੀ ਅੰਮ੍ਰਿਤਸਰ ਦੀ ਕਹਾਵਤ ਅਨੁਸਾਰ ਸ਼ਹਿਰ ਦੀ ਰੌਣਕ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਸੰਗਤਾਂ ਦੀ ਭਾਰੀ ਆਮਦ, ਗੁਰਬਾਣੀ ਕੀਰਤਨ ਆਦਿ ਨੇ ਰੂਹਾਨੀ ਵਾਤਾਵਰਣ ਸਿਰਜ ਦਿੱਤਾ। ਇਨ੍ਹਾਂ ਇਤਿਹਾਸਕ ਦਿਹਾੜਿਆਂ ਨੂੰ ਚੀਫ਼ ਖ਼ਾਲਸਾ ਦੀਵਾਨ ਦੇ ਸਮੂਹ ਅਦਾਰਿਆ ਵਿਚ ਪ੍ਰਬੰਧਕਾਂ ਅਤੇ ਵਿਦਿਆਰਥੀਆ ਨੇ ਬੜੇ ਉਤਸ਼ਾਹ ਤੇ ਉਮਾਹ ਨਾਲ ਮਨਾਇਆ।

ਨਗਰ-ਕੀਰਤਨ: ਦੀਵਾਨ ਦੇ ਦਫ਼ਤਰ ਸਨਮੁੱਖ ਜੀ.ਟੀ.ਰੋਡ ਤੇ ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਗੁਰਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਅਤੇ ਪੰਜ ਪਿਆਰਿਆਂ ਦੀ ਛੱਤਰ ਛਾਇਆ ਹੇਠ ਖਾਲਸਾ ਕਾਲਜ ਤੋਂ ਚਲੇ ਨਗਰ-ਕੀਰਤਨ ਦਾ ਨਿੱਘਾ ਸੁਆਗਤ ਕੀਤਾ ਗਿਆ।



ਚੀਫ ਖਾਲਸਾ ਦੀਵਾਨ ਦੇ ਪ੍ਰਬੰਧਕਾਂ ਅਤੇ ਮੈਂਬਰ ਸਾਹਿਬਾਨ ਵਲੋਂ ਸੁਆਗਤ ਸਮੇਂ ਪੰਜ ਪਿਆਰਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਦੀ ਹਾਜ਼ਰੀ ਵਿਚ ਫੁੱਲਮਾਲਾ ਪਾ ਕੇ "ਜੀ ਆਇਆ ਨੂੰ" ਆਖਿਆ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ ਪਾਲਕੀ ਸਾਹਿਬ ਉਤੇ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਰੁਮਾਲਾ ਸਾਹਿਬ ਭੇਟ ਕੀਤਾ ਗਿਆ। ਇਸ ਸਮੇਂ ਸ਼ਾਮਿਲ ਸਾਧ ਸੰਗਤ ਲਈ ਪ੍ਰਸ਼ਾਦ ਅਤੇ ਜਲ ਦੀ ਸੇਵਾ ਕੀਤੀ ਗਈ। ਇਸ ਮੌਕੇ ਦੀਵਾਨ ਦੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਮੈਂਬਰ ਇੰਚਾਰਜ ਮੁੱਖ ਦਫਤਰ ਅਤੇ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ.ਮਨਮੋਹਨ ਸਿੰਘ, ਸ੍ਰ.ਰਬਿੰਦਰਬੀਰ ਸਿੰਘ ਭੱਲਾ, ਸ੍ਰ.ਰਜਿੰਦਰ ਸਿੰਘ ਮਰਵਾਹਾ, ਸ੍ਰ.ਪ੍ਰਦੀਪ ਸਿੰਘ ਵਾਲੀਆ, ਸ੍ਰ.ਅਮਰਦੀਪ ਸਿੰਘ, ਸ੍ਰ.ਜਗਜੀਤ ਸਿੰਘ ਵਾਲੀਆ, ਸ੍ਰ.ਅਜੀਤਪਾਲ ਸਿੰਘ ਅਨੇਜਾ, ਡਾ: ਜਸਬੀਰ ਸਿੰਘ ਸਾਬਰ, ਡਾ:ਧਰਮਵੀਰ ਸਿੰਘ, ਅੰਡਰ ਸੈਕਟਰੀ ਸ੍ਰ: ਹਰਭਜਨ ਸਿੰਘ ਅਤੇ ਹੋਰ ਮੈਂਬਰ ਸਾਹਿਬਾਨ ਨੇ ਵੀ ਨਗਰ ਕੀਰਤਨ ਵਿਚ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆ।

ਚੌਥੇ ਪਾਤਸ਼ਾਹ ਦਾ ਪ੍ਰਕਾਸ਼ ਦਿਵਸ:- ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ 488ਵਾਂ ਪ੍ਰਕਾਸ਼ ਪੁਰਬ ਦੀਵਾਨ ਦੇ ਸਮੂਹ ਅਦਾਰਿਆਂ ਵਿਚ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਅਵਸਰ ਤੇ ਸ੍ਰੀ ਅਕਾਲ ਤੱਖਤ ਸਾਹਿਬ ਜੀ ਤੋਂ ਆਰੰਭ ਕੀਤੇ ਗਏ ਨਗਰ-ਕੀਰਤਨ ਵਿਚ ਆਰੰਭਤਾ ਸਮੇਂ ਦੀਵਾਨ ਦੇ ਪ੍ਰਧਾਨ ਡਾ.ਨਿੱਜਰ, ਮੁੱਖ ਦਫ਼ਤਰ ਮੈਂਬਰ ਇੰਚਾਰਜ ਤੇ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ.ਅਜਾਇਬ ਸਿੰਘ ਅਭਿਆਸੀ ਆਦਿ ਨੇ ਪਾਲਕੀ ਸਾਹਿਬ ਨੂੰ ਮੋਢਾ ਦਿੱਤਾ। ਸ੍ਰੀ ਅਕਾਲ ਤੱਖਤ ਸਾਹਿਬ ਵਲੋਂ ਇਨ੍ਹਾਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ।

ਬੰਦੀ ਛੋੜ ਦਿਵਸ:- ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਤੋਂ 52 ਰਾਜਿਆਂ ਨੂੰ ਰਿਹਾਅ ਕਰਵਾਉਣ ਉਪਰੰਤ ਸ੍ਰੀ ਅੰਮ੍ਰਿਤਸਰ ਪੁੱਜਣ ਤੇ ਸੰਗਤਾਂ ਨੇ ਖੁਸ਼ੀ ਮਨਾਉਂਦਿਆਂ ਦੀਪਮਾਲਾ ਕੀਤੀ ਅਤੇ ਖੁਸ਼ੀ ਵਿਚ ਮਠਿਆਈਆਂ ਵੰਡੀਆਂ। ਵਿਸ਼ਵ ਭਰ ਵਿਚ ਇਹ ਦਿਵਸ ਦਿਵਾਲੀ ਦੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ ਪਰ ਸਿੱਖ ਧਰਮ ਵਿਚ ਇਸਨੂੰ ਬੰਦੀਛੋੜ ਦਿਵਸ ਮਨਾਉਣ ਦੀ ਰਿਵਾਇਤ ਪ੍ਰਚਲਿਤ ਹੈ।ਦੀਵਾਨ ਦੇ ਸਮੂਹ ਅਦਾਰਿਆਂ ਵਿਚ ਕੀਰਤਨ ਸਮਾਗਮ ਅਤੇ ਰਾਤ ਨੂੰ ਦੀਪਮਾਲਾ ਕਰਕੇ ਇਸ ਬੰਦੀਛੋੜ ਦਿਵਸ ਨੂੰ ਮਨਾਉਂਦਿਆਂ ਅਲੋਕਿਕ ਨਜ਼ਾਰੇ ਪੇਸ਼ ਕੀਤੇ ਗਏ।

ਬਾਬਾ ਬੁੱਢਾ ਸਾਹਿਬ ਜੀ:- ਸਿੱਖ ਇਤਿਹਾਸ ਵਿੱਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਕਾਲ ਤੱਕ ਲਗਭਗ 125 ਸਾਲ ਦੀ ਉਮਰ ਸੰਪੂਰਨ ਕਰਨ ਵਾਲੇ ਅਤੇ ਅੱਠ ਗੁਰੂਆਂ ਦੇ ਚਰਨ ਪਰਸਨ ਵਾਲੇ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਸਿੱਖ ਸੰਗਤਾਂ ਨੇ ਪੂਰੀ ਸ਼ਰਧਾ ਨਾਲ ਮਨਾਇਆ ਅਤੇ ਬੀੜ ਬਾਬਾ ਬੁੱਢਾ ਸਾਹਿਬ ਜੀ ਅਤੇ ਗੁਰਦੁਆਰਾ ਰਮਦਾਸ ਵਿਖੇ ਵਿਸ਼ੇਸ਼ ਸਮਾਗਮ ਕੀਤੇ ਗਏ।

ਗੁਰਤਾਗੱਦੀ ਦਿਵਸ:- ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਾਲ 1708 ਵਿੱਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦੇਹਧਾਰੀ ਗੁਰੂ ਦੀ ਪ੍ਰਥਾ ਨੂੰ ਸਮਾਪਤ ਕਰਦਿਆਂ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਬਖ਼ਸ਼ਿਸ਼ ਕੀਤੀ ਗਈ ਜਿਸਦਾ 318 ਵਾਂ ਗੁਰਤਾਗੱਦੀ ਦਿਵਸ ਵਿਸ਼ਵ ਭਰ ਦੀਆਂ ਸੰਗਤਾਂ ਨੇ ਮਨਾਉਂਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ।

ਪੰਜਾ ਸਾਹਿਬ ਦੀ ਸ਼ਤਾਬਦੀ:- ਪੰਜਾ ਸਾਹਿਬ ਦਾ ਖੂਨੀ ਸਾਕਾ ਜਿਸ ਵਿਚ ਰੇਲ ਗੱਡੀ ਹੇਠ ਸਿੰਘ ਸ਼ਹੀਦ ਹੋ ਗਏ ਸਨ ਕਿਉਂਕਿ ਉਹ ਸਿੱਖ ਕੈਦੀਆਂ ਨੂੰ ਲਿਜਾਣ ਵਾਲੀ ਰੇਲ ਗੱਡੀ ਨੂੰ ਰੋਕ ਕੇ ਸਿੰਘਾਂ ਨੂੰ ਪ੍ਰਸ਼ਾਦਾ ਛਕਾਉਣਾਂ ਚਾਹੁੰਦੇ ਸਨ ਪਰ ਅੰਗ੍ਰੇਜ਼ ਹਕੂਮਤ ਦੇ ਹੁਕਮਰਾਨਾ ਨੇ ਸਿੰਘਾਂ ਦੀ ਬੇਨਤੀ ਨਾ ਪ੍ਰਵਾਨ ਕਰਕੇ ਨਿਹੱਥੇ ਸਿੰਘਾਂ ਨੂੰ ਗੱਡੀ ਹੇਠ ਲਤਾੜ ਕੇ ਸ਼ਹੀਦ ਕਰ ਦਿੱਤਾ।

ਦੀਵਾਨ ਦਾ ਸਥਾਪਨਾ ਦਿਵਸ:- 30 ਅਕਤੂਬਰ 1902 ਨੂੰ ਸਥਾਪਤ ਹੋਏ ਚੀਫ਼ ਖ਼ਾਲਸਾ ਦੀਵਾਨ ਦਾ 120ਵਾਂ ਸਥਾਪਨਾ ਦਿਵਸ ਦੀਵਾਨ ਦੇ ਮੁੱਖ ਅਧਿਕਾਰੀਆਂ ਵੱਲੋਂ ਮਨਾਉਂਦਿਆਂ ਦੀਵਾਨ ਦੇ ਮੋਢੀਆਂ ਵੱਲੋਂ ਆਰੰਭ ਕੀਤੇ ਮੰਤਵਾਂ ਦੀ ਪੂਰਤੀ ਕਰਨ ਹਿੱਤ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਅਤੇ ਉਚੇਰੀ ਮਿਆਰੀ ਸਿੱਖਿਆ ਨੂੰ ਪ੍ਰਫੁਲਿਤ ਕਰਨ ਦਾ ਪ੍ਰਣ ਨਿਭਾਉਣ ਦਾ ਨਿਰਣਾ ਲਿਆ ਗਿਆ।

ਗੁਰੂ ਨਾਨਕ ਆਗਮਨ:- ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 553ਵਾਂ ਪ੍ਰਕਾਸ਼ ਦਿਵਸ ਵਿਸ਼ਵ ਭਰ ਦੀਆਂ ਸੰਗਤਾਂ ਵੱਲੋਂ ਬੜੇ ਉਤਸ਼ਾਹ ਤੇ ਉਮਾਹ ਨਾਲ ਮਨਾਇਆ ਗਿਆ। ਇਸ ਸੰਬੰਧ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਸਮੂਹ ਅਦਾਰਿਆਂ ਵਿਚ ਵਿਸ਼ੇਸ਼ ਪ੍ਰੋਗਰਾਮ ਕੀਤੇ ਗਏ ਜਿੰਨਾਂ ਵਿਚ ਨਗਰ-ਕੀਰਤਨ, ਗੁਰਬਾਣੀ ਕੀਰਤਨ, ਲੈਕਚਰ ਆਦਿ ਦੇਣ ਉਪਰੰਤ ਸੰਗਤਾਂ ਲਈ ਲੰਗਰ ਲਗਾਏ ਗਏ ਅਤੇ ਰਾਤ ਨੂੰ ਦੀਪਮਾਲਾ ਕਰਕੇ ਇਸ ਪ੍ਰਕਾਸ਼ ਦਿਵਸ ਨੂੰ ਧੂਮ-ਧਾਮ ਨਾਲ ਮਨਾ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੋਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਆਪਣੇ ਵਿਸ਼ੇਸ਼ ਸੰਦੇਸ਼ ਵਿਚ ਸਮੁੱਚੀਆਂ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਦਰਸਾਏ ਸੱਚ ਦੇ ਮਾਰਗ ਤੇ ਚੱਲਣ, ਕਿਰਤ ਕਰੋ, ਨਾਮ ਜਪੋ ਅਤੇ ਵੰਡ ਛੱਕੋ ਦੇ ਸਿਧਾਂਤ ਨੂੰ ਅਪਨਾਉਣ ਅਤੇ ਗੁਰੂ ਸਾਹਿਬ ਦੇ ਸਰਬੱਤ ਦਾ ਭੱਲਾ ਮੰਗਣ ਵਾਲੇ ਮਾਰਗ ਨੂੰ ਅਪਨਾਉਦਿਆਂ ਆਪਸੀ ਸਾਰੇ ਮੱਤਭੇਦ ਭੁਲਾ ਕੇ ਇੱਕਜੁਟ ਹੋ ਕੇ ਹਰ ਇਕ ਨੂੰ ਪਿਆਰ ਦੇਣ ਵਾਲੀ ਸੋਚ ਦੇ ਸਨਮੁੱਖ ਆਪਸੀ ਸਾਂਝ ਨੂੰ ਪਰਪੱਖ ਕਰਨਾ ਸਮੇਂ ਦੀ ਮੁੱਖ ਲੋੜ ਹੈ।



# ਸੰਪਾਦਕੀ

## ਗੁਰੂ ਨਾਨਕ ਪਾਤਸ਼ਾਹ ਦੇ ਸੱਚੇ ਸੁੱਚੇ ਸਿੱਖ ਬਣਕੇ ਪ੍ਰਕਾਸ਼ ਪੁਰਬ ਨੂੰ ਸਾਰਥਿਕ ਰੂਪ ਦੇਣ ਦੀ ਲੋੜ

ਗੁਰੂ ਨਾਨਕ ਪਾਤਸ਼ਾਹ ਦਾ 553ਵਾਂ ਪ੍ਰਕਾਸ਼ ਪੁਰਬ ਵਿਸ਼ਵ ਭਰ ਦੀਆਂ ਗੁਰੂ ਨਾਨਕ ਨਾਮ ਲੇਵਾ ਸਿਖ ਅਤੇ ਗੈਰ ਸਿੱਖ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਮਨਾਇਆ ਹੈ। ਗੁਰੂ ਘਰਾਂ ਵਿਚ ਵਿਸ਼ੇਸ਼ ਗੁਰਬਾਣੀ ਕੀਰਤਨ ਸਮਾਗਮ, ਪ੍ਰਭਾਵ ਫੇਰੀਆਂ, ਥਾਂ-ਥਾਂ ਤੇ, ਲੰਗਰ ਸਾਂਝੇ ਨਗਰ ਕੀਰਤਨ, ਗੁਰੂ ਘਰਾਂ ਦੀ ਸਜਾਵਟ, ਦੀਪਮਾਲਾ ਦੇ ਅਲੌਕਿਕ ਨਜ਼ਾਰਿਆਂ ਨੇ ਹਰ ਪਾਸੇ ਰੂਹਾਨੀ ਵਾਤਾਵਰਣ ਸਿਰਜਿਆ ਹੋਇਆ ਸੀ। ਕੀਤੇ ਗਏ ਇਹ ਪ੍ਰੋਗਰਾਮ ਅਤਿਸ਼ਲਾਘਾਯੋਗ ਹਨ ਜੋ ਮਾਨਵ-ਚੇਤਨਾਂ ਨੂੰ ਕੁੱਝ ਸਮੇਂ ਲਈ ਗੁਰੂ ਨਾਨਕ ਪਾਤਸ਼ਾਹ ਦੇ ਸੱਚੇ ਸੁੱਚੇ ਰੂਹਾਨੀ ਮਾਰਗ ਨੂੰ ਯਾਦ ਜਰੂਰ ਕਰਾਉਂਦੇ ਹਨ। ਪਰ ਅਸੀਂ ਗੁਰੂ ਨਾਨਕ ਸਾਹਿਬ ਜੀ ਦੇ ਉਸ ਮਿਸ਼ਨ ਨੂੰ ਯਾਦ ਰੱਖਦਿਆਂ ਜੀਵਨ ਵਿਚ ਅਪਨਾਉਣ ਤੋਂ ਅਵੇਸਲੇ ਹੋ ਰਹੇ ਹਾਂ।

ਗੁਰੂ ਨਾਨਕ ਪਾਤਸ਼ਾਹ ਨੇ ਜਲਤੀ ਸਭ ਪ੍ਰਿਥਵੀ ਦਿਸ ਆਈ ਵਾਲੀ ਖਲਕਤ ਨੂੰ ਠੰਡ ਪਹੁੰਚਾਉਣ ਲਈ ਸਮਕਾਲ ਦੇ ਮਾਨਵ-ਸਮਾਜ ਦੀ ਵੰਡ ਪਾਉਣ ਵਾਲੀਆਂ ਧਰਮ-ਵੰਡ ਵਰਣ-ਵੰਡ, ਲਿੰਗ ਭੇਦ ਵੰਡ, ਸ਼੍ਰੇਣੀ-ਵੰਡ ਆਦਿ ਦੀਆਂ ਉਸਰੀਆਂ ਕੰਧਾਂ ਨੂੰ ਢਹਿ ਢੇਰੀ ਕਰਦਿਆਂ ਸਭ ਮਹਿ ਜੋਤਿ ਜੋਤਿ ਹੈ ਸੋਇ ਦਾ ਸੰਦੇਸ਼ ਸਿਰਜਦਿਆਂ ਸਮੁਚੀ ਮਾਨਵਤਾ ਨੂੰ ਇਕ ਸੂਤਰ ਵਿਚ ਪਰੋ ਦਿੱਤਾ।ਨਫ਼ਰਤ ਤੇ ਕਟੱੜਤਾ ਗੁਰੂ ਨਾਨਕ-ਜੀਵਨ ਦਰਸ਼ਨ ਵਿਚ ਮਨਫ਼ੀ ਹੈ ਅਤੇ ਉਹਨਾਂ ਦਾ ਸਿਧਾਂਤ ਹੈ ਸਾਂਝ ਕਰੀਜੈ ਗੁਣਾ ਕੇਰੀ.....। ਏਸੇ ਲਈ ਉਹ ਸਮਕਾਲ ਦੇ ਹਰ ਧਰਮ, ਸੰਪ੍ਰਦਾਇ, ਪੰਥ ਦੇ ਆਗੂਆਂ ਨੂੰ ਮਿਲੇ ਅਤੇ ਪਹਿਲੋਂ ਉਹਨਾਂ ਦੀ ਗਲ ਸੁਣੀ ਫੇਰ ਪਿਆਰ ਭਰੀ ਮਿਠ ਬੋਲੀ ਵਿਚ ਆਪਣੀ ਕਿਛੁ ਸੁਣੀਐ ਕਿਛੁ ਕਹੀਐ ਦੇ ਸਿਧਾਂਤ ਅਨੁਸਾਰ ਗਲ ਆਖੀ ਜੋ ਸਭ ਨੇ ਪ੍ਰਵਾਨ ਕੀਤੀ। ਗੁਰੂ ਸਾਹਿਬ ਦਾ ਮਿਸ਼ਨ ਸੀ ਸਭ ਨੂੰ ਨਾਲ ਲੈ ਕੇ ਅਤੇ ਸਭ ਨਾਲ ਇਕਮਿਕ ਹੋ ਕੇ ਚਲਣਾ ਜਿਸ ਨੇ ਸਾਂਝੀਵਾਲਤਾ ਦਾ ਸ਼ਾਂਤਮਈ ਮਹੌਲ ਸਿਰਜਿਆ।

ਇਸ ਲਈ ਅਜੋਕੇ ਸਮੇਂ ਧਾਰਮਿਕ ਕਟੱੜਤਾ, ਜਾਤੀਵਾਦ ਦਾ ਹੰਕਾਰ, ਧਨਵਾਨ ਹੋਣ ਦਾ ਗੁਮਾਨ, ਪਰਿਵਾਰਵਾਦ ਦੀ ਪਕੜ, ਨਿਜਵਾਦ ਤੇ ਨਿਜਲਾਭ ਲਈ ਅਨੈਤਿਕ ਕਰਮ, ਕਾਮਵਾਸ਼ਨਾ, ਝੂਠੀ ਤੇ ਫੋਕੀ ਆਨ-ਸ਼ਾਨ, ਗਲੀ ਅਸੀ ਚੰਗੀਆਂ ਅਚਾਰੀ ਬੁਰੀਆਂ ਆਦਿ ਵਾਲੀ ਜੀਵਨ-ਸ਼ੈਲੀ ਦੀ ਆਪਣੇ ਆਲੇ-ਦੁਆਲੇ ਉਸਾਰੀ ਕਿਲੇਬੰਦੀ ਤੋਂ ਅਜ਼ਾਦ ਹੋ ਕੇ ਗੁਰੂ ਨਾਨਕ ਸਾਹਿਬ ਜੀ ਦੇ ਦਰਸਾਏ ਸੱਚ ਮਾਰਗ ਨੂੰ ਜੀਵਨ ਵਿਚ ਧਾਰਨ ਕਰਨ ਦੀ ਬਹੁਤ ਲੋੜ ਹੈ ਜੋ ਸਭ ਨੂੰ ਪਿਆਰ ਕਰਨ ਵਾਲਾ, ਸਭ ਨੂੰ ਨਾਲ ਲੈ ਕੇ ਸਭ ਨਾਲ ਇਕ ਮਨ ਇਕ ਚਿਤ ਹੋ ਕੇ ਚਲਣ ਵਾਲਾ ਹੈ। ਅਜਿਹਾ ਕਰਦਿਆਂ ਹੀ ਗੁਰੂ ਨਾਨਕ ਪਾਤਸ਼ਾਹ ਦੇ ਇਸ 553ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਂਦਿਆਂ ਸਾਰਥਿਕ ਬਣਾ ਸਕਦੇ ਹਨ।

ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਜੀ ਦੀ ਅਗਵਾਈ ਹੇਠ ਖਾਲਸਾ ਟ੍ਰੈਕਟ ਸੁਸਾਇਟੀ ਅਤੇ ਚੀਫ਼ ਖ਼ਾਲਸਾ ਦੀਵਾਨ ਦਾ ਸਮੂਹ ਪਰਿਵਾਰ ਗੁਰੂ ਨਾਨਕ ਪਾਤਸ਼ਾਹ ਦੇ 553ਵੇਂ ਪ੍ਰਕਾਸ਼ ਪੁਰਬ ਸਮੇਂ ਗੁਰੂ ਸਾਹਿਬ ਜੀ ਦੀ ਨੂਰਾਨੀ-ਜੋਤਿ ਨੂੰ ਨਤਮਸਤਕ ਹੁੰਦਿਆਂ ਵਿਸ਼ਵ ਦੀਆਂ ਸਮੂਹ ਸੰਗਤਾਂ ਨੂੰ ਦਿਲ ਦੀਆਂ ਡੂੰਘਾਈਆਂ ਵਿਚੋਂ ਵਧਾਈ ਦਿੰਦੇ ਹਾਂ।

**ਡਾ. ਜਸਬੀਰ ਸਿੰਘ ਸਾਬਰ**
ਮੁੱਖ ਸੰਪਾਦਕ


**ਸਰਪ੍ਰਸਤ:** ਡਾ ਇੰਦਰਬੀਰ ਸਿੰਘ ਨਿੱਜ਼ਰ
ਸ. ਰਾਜਮੋਹਿੰਦਰ ਸਿੰਘ ਮਜੀਠਾ

**ਸੰਪਾਦਕ :** ਡਾ. ਜਸਬੀਰ ਸਿੰਘ ਸਾਬਰ 9888460180
**ਸਹਿ. ਸੰਪਾਦਕ:** (ਖਬਰਨਾਮਾ) ਮਨਜੀਤ ਕੌਰ ਪੀ. ਆਰ. ਓ. 8872042060

**ਸਲਾਹਕਾਰ :**
ਸ੍ਰ.ਅਮਰਜੀਤ ਸਿੰਘ ਵਿਕਰਾਂਤ, ਸ੍ਰ.ਜਗਜੀਤ ਸਿੰਘ, ਸ੍ਰ.ਸੰਤੋਖ ਸਿੰਘ ਸੇਠੀ,
ਸ. ਸਵਿੰਦਰ ਸਿੰਘ ਕੱਥੂਨੰਗਲ, ਸ. ਅਜੀਤ ਸਿੰਘ ਬਸਰਾ, ਪ੍ਰੋ. ਵਰਿਆਮ ਸਿੰਘ, ਬੀਬੀ ਕਿਰਨਜੋਤ ਕੌਰ,
ਸ. ਭਗਵੰਤਪਾਲ ਸਿੰਘ ਸੱਚਰ, ਸ. ਸੁਖਜਿੰਦਰ ਸਿੰਘ ਪ੍ਰਿੰਸ, ਡਾ. ਧਰਮਵੀਰ ਸਿੰਘ।

*ਪ੍ਰਕਾਸ਼ਕ*
ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ
ਜੀ.ਟੀ. ਰੋਡ, ਅੰਮ੍ਰਿਤਸਰ - 143001
Ph.- 0183-2562253 • E-mail- ktsckd@gmail.com

ਪ੍ਰਿੰਟਰ: ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ
E-mail- printwellasr@gmail.com


## ਭਾਈ ਸਾਹਿਬ ਭਾਈ ਵੀਰ ਸਿੰਘ ਦੀ ਕਲਮ ਤੋਂ

### ਜਯ ਗੁਰ ਨਾਨਕ

ਜਯ ਗੁਰ ਨਾਨਕ, ਜਯ ਗੁਰ ਨਾਨਕ, ਜਯ ਤੈਨੂੰ।
ਜਯ ਹੋ, ਜਯ ਹੋ, ਜਯ ਤੈਨੂੰ।
ਜਯ ਦੁਖ ਹਰਨੈਂ, ਜਯ ਸੁਖ ਕਰਨੈਂ, ਬੰਧਨ ਹਰਨੈ ਜਯ ਤੈਨੂੰ
ਹਰੇ ਕਰੇਨੈਂ, ਸੁੱਕੇ ਕਾਠਾਂ, ਸਖਣੇ ਭਰਨੈਂ, ਜਯ ਤੈਨੂੰ।
ਜਯ ਗੁਰ ਨਾਨਕ ....
ਜਗਤ ਜਲੰਦੇ ਨੂੰ ਤੂੰ ਰਖਿਆ, ਰੱਖੀ ਰੁੜ੍ਹਦੀ ਜਾਂਦੀ ਤੂੰ,
ਘਰ ਘਰ ਦਰ ਦਰ ਫਿਰ ਫਿਰ ਰਖਿਆ ਅਪਣੇ ਕੀਤੇ ਪਾਂਦੀ ਤੂੰ।
ਜਯ ਗੁਰ ਨਾਨਕ .....
ਦੁਸਟ ਉਬਾਰੇ, ਕੁਸ਼ਟੀ ਤਾਰੇ, ਰਾਖਸ਼ ਬੀ ਨਿਸਤਾਰੇ ਤੂੰ,
ਗਰਤ ਘੋਰ ਅੰਧ ਤੋਂ ਕੱਢੇ ਪਾਪੀ ਭਾਰੇ ਭਾਰੇ ਤੂੰ।
ਜਯ ਗੁਰ ਨਾਨਕ ......
ਨਦੀ ਚੜ੍ਹੀ ਚੜ੍ਹ ਤਾਰੂ ਹੋਈ, ਤੱਕਾਂ, ਕੂਕ ਪੁਕਾਰਾਂ-ਤੂੰ
ਸੂਕੇ ਨਦੀ, ਕੂਕ ਨੂੰ ਡੋਬੇ, ਤਾਂ ਬੀ ਵਾਜਾਂ ਮਾਰਾਂ-ਤੂੰ।
ਜਯ ਗੁਰ ਨਾਨਕ ....
ਮੇਰੀ ਕੂਕ ਸੁਣੀਂ ਗੁਰ ਨਾਨਕ ਸ਼ਹਸ ਸ੍ਰਵਣ ਦਾ ਧਾਰੀ ਤੂੰ,
ਨਾਥ ਅਨਾਥਾਂ ਬਾਣ ਧੁਰਾਂ ਦੀ, ਇਹ ਅਨਾਥ ਬੀ ਤਾਰੀ ਤੂੰ।
ਜਯ ਗੁਰ ਨਾਨਕ....
ਆਪੇ ਤ੍ਰੁਠਣ ਵਾਲਿਆ ਸਾਈਆਂ ਆ ਕੇ ਅੱਜ ਅਚਾਨਕ ਤੂੰ,
ਚਰਨ ਸ਼ਰਨ ਵਿਚ ਲੈ ਲੈ ਮੈਨੂੰ, ਸ਼ਰਨਪਾਲ ਗੁਰ ਨਾਨਕ ਤੂੰ।
ਜਯ ਗੁਰ ਨਾਨਕ ........



# ਭਾਈ ਵੀਰ ਸਿੰਘ ਜੀ ਦੀ ਕਲਮ ਤੋਂ...................
# ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਕਿਸ ਤਰ੍ਹਾਂ ਮਨਾਈਏ





ਅਜ ਸਾਡੇ ਤ੍ਰਾਣ ਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਗੁਰਪੁਰਬ ਹੈ। ਆਓ ਅੰਜ ਪੁਰਬ ਮਨਾਈਏ, ਪਰ ਕਿਸ ਤਰ੍ਹਾਂ? ਨਾਂ ਤਮਾਸ਼ੇ ਰੌਲੇ ਪਾ ਕੇ ਤੇ ਨਾ ਆਸੁਰੀ ਲੋਕਾਂ ਵਾਗੂੰ ਮੰਦੀਆ ਖੁਸ਼ੀਆਂ ਵਿਚ ਕਲੰਕਤ ਹੋਕੇ। ਨਾ ਮੂਰਖਾਂ ਵਾਂਗੂੰ ਇਹ ਸਮਝਕੇ ਕਿ ਅਜ ਸਾਡਾ ਗੁਰੂ ਜੰਮਿਆ ਹੈ ਅਜ ਜੰਮਣ ਖੇਡਾਂ ਕਰੀਏ। ਓਹ ਤੇ ਜਨਮ ਮਰਣ ਦੁਹੂ ਮਹਿ ਨਾਹੀ ਹਨ। ਪਰ ਇਹ ਯਾਦ ਕਰਕੇ ਕਿ ਸਾਨੂੰ ਅੰਧਕਾਰ ਵਿਚੋਂ ਕੱਢਣ ਵਾਲੇ ਨੇ ਅਜ ਦੇ ਦਿਨ ਅਵਤਾਰ ਧਾਰਿਆ ਸੀ, ਇਸ ਲਈ ਅਜ ਸੁਕਰ ਕਰੀਏ, ਅਜ ਉਨ੍ਹਾਂ ਦੇ ਗੁਣਾਨੁਵਾਦ ਕਰੀਏ, ਵਾਹਿਗੁਰੂ ਦਾ ਧਿਆਨ ਧਰੀਏ, ਅਰ ਗੁਰਬਾਣੀ ਵਿਚ ਲੀਨ ਰਹੀਏ ਤੇ ਐਸੇ ਕਰਤੱਵਸ ਕਰੀਏ ਕਿ ਜਿਸਤੋਂ ਸੰਸਾਰ ਨੂੰ ਲਾਭ ਪਹੁੰਚੇ। 1) ਦੀਵਾਨ ਲਾਈਏ, 2) ਕੀਰਤਨ 3) ਕਥਾ 4) ਵਖਿਆਨ ਦੇਈਏ 5) ਭੋਗ ਪਾਈਏ 6) ਗੁਰਮਹਿਮਾਂ ਗਾਵੀਏ 7) ਕੜਾਹ ਪ੍ਰਸ਼ਾਦ ਵਰਤੀਈਏ 8) ਲੋੜਵੰਦਿਆਂ ਨੂੰ ਅੰਨ ਬਸਤ੍ਰ ਦੇਈਏ, 9) ਆਪਣੇ ਕੌਮੀ ਆਸ਼ਰਮਾਂ ਦੀ ਮਦਦ ਲਈ ਜਥਾ ਸ਼ਕਤ ਮਾਇਆ ਭੇਜੀਏ, ਦਸਵੰਧ, ਜੋ ਕੱਠਾ ਕੀਤਾ ਹੈ, ਕੌਮੀ ਜੱਥੇ ਚੀਫ਼ ਖ਼ਾਲਸਾ ਦੀਵਾਨ ਵਿਚ ਭੇਜੀਏ। ਸੋ ਆਓ:-

ਹੋਇ ਹਿਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰ ਕਰਹੁ ਲਿਵ ਲਾਇ।।

ਹਰਿਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਛਾਇ।।

ਅਨੁਸਾਰ ਦੇਵੀ ਅਨੰਦ ਲੁਟੀਏ, ਜਿਸਦੀ ਜੁਗਤ ਇਹ ਹੈ:-

1) **ਪਹਿਲਾਂ ਦੀਵਾਨ ਲਾਈਏ 2) ਕੀਰਤਨ ਹੋਵੇ**

ਜੇ ਰਾਗੀ ਸਿੰਘ ਨਾ ਲੱਭੇ ਹੋਣ ਤਦ ਗੁਰਮੁਖ ਸੱਜਣ ਆਪ ਹੀ ਇਨ੍ਹਾਂ ਜੋਟੀਆਂ ਦੇ ਸ਼ਬਦਾਂ ਦਾ ਕੀਰਤਨ ਕਰਨ, ਦਿਲ ਸਚੇ, ਮਨ ਭਿੱਜੇ, ਤੇ ਵਾਹਿਗੁਰੂ ਵਿਚ ਪ੍ਰੇਮ ਨਾਲ ਪਰੋਤੇ ਹੋਏ:-

**ੳ) ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ।**

**ਅ) ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।**

**ੲ) ਸਤਿਗੁਰ ਸਾਚੈ ਦੀਆ ਭੇਜਿ। (ਗੁਰੂ ਗ੍ਰੰਥ ਸਾਹਿਬ 396)**

**ਸ) ਪਰਮੇਸਰਿ ਦਿਤਾ ਬੰਨਾ। ਦੁਖ ਰੋਗ ਕਾ ਡੇਰਾ ਭੰਨਾ। (ਅੰਗ 627-28)**

**ਤੁਲਸਾਂ ਦਾਸੀ (ਦਾਈ)**

**ਮਾਤਾ ਤ੍ਰਿਪਤਾ ਜੀ ਬੋਲੇ:- ਤੁਲਸਾਂ** * ਜਾਹੁ ਲਾਲ ਜੀ ਨੂੰ ਆਖੋ ਜੋ ਭੋਜਨ ਤਯਾਰ ਹੈ ਛਕ ਲੈਣ।

ਤੁਲਸਾਂ-ਸਤ ਬਚਨ ਜੀ *

ਜਾਂ ਤੁਲਸਾਂ ਗਈ ਤਾਂ ਜਗਤ ਨੂੰ ਸੁੰਦ੍ਰਤਾ ਪ੍ਰਦਾਨ ਕਰਨ ਵਾਲੇ ਸਤਿਗੁਰ ਨਾਨਕ ਦੇਵ ਜੀ ਬਿਰਾਜ ਰਹੇ ਸਨ। ਚਿਹਰੇ ਤੇ ਕੁਛ ਐਸਾ ਉੱਚਾ ਤੇ ਪਾਵਨ ਪ੍ਰਭਾਉ ਸੀ ਕਿ ਤੁਲਸਾਂ ਦਾ ਜਗਾਨ ਦਾ ਹੌਂਸਲਾ ਨਾ ਪਿਆ। ਫੇਰ ਸੋਚੀ ਕਿ ਚਰਨ ਘੁੱਟਾਂ ਤਾਂ ਸੁਖ ਨਾਲ ਜਾਗ ਪੈਣਗੇ। ਜਾਂ ਚਰਨ ਛੋਹੇ ਤਾਂ ਉਸਦੇ ਸਰੀਰ ਵਿਚ ਜੀਵਨ ਦੀ ਝਰਨਾਟ ਛਿੜ ਗਈ, ਜਿਸ ਤਰ੍ਹਾ ਕਿਸੇ ਬਿਜਲੀ ਨੂੰ ਛੋਹਿਆ ਸਰੀਰ ਵਿਚੋਂ ਥਰਰ ਕਰਦੀ ਇਕ ਰੌ ਲੰਘਦੀ ਹੈ। ਇਸ ਝਰਨਾਟ ਨੇ ਉਸ ਦੀਆ ਅੱਖਾਂ ਦੇ ਛੌੜ ਕੱਟ ਦਿੱਤੇ, ਘਰ ਦਾ ਟਿੱਕਾ ਉਸਨੂੰ ਸੰਸਾਰ ਦਾ ਟਿੱਕਾ ਹੋ ਦਿੱਸਿਆ, ਉਸ ਦੇ ਮਨ ਨੇ ਜਾਤਾ ਕਿ ਇਹ ਸੱਚਾ ਪੁਰਖ ਜਗਤ ਦਾ ਕੌਤਕ ਹਾਰ ਹੈ। ਐਸੀ ਉੱਚੀ ਚਾਰ ਚੁਫੇਰੇ ਤੱਕੇ ਸੰਸਾਰ ਦਾ ਰੂਪ ਬਦਲ ਗਿਆ ਹੇ, ਕੋਈ ਦੁਖ ਕਲੇਸ਼ ਨਹੀਂ ਹੈ, ਭੈ ਭਰਮ ਦਾ ਨਕਸ਼ਾ ਹੀ ਨਹੀਂ ਰਿਹਾ। ਸੁਖ ਹੀ ਸੁਖ ਹੈ। ਆਹ ਜਿਨ੍ਹਾਂ ਚਰਨਾਂ ਦੇ ਛੁਹਣ ਨੇ ਇਹ ਰੰਗ ਪਲਟ ਦਿੱਤਾ, ਹੁਣ ਬੇਬਸੀ ਉਨ੍ਹਾਂ ਉੱਤੇ ਮਸਤਕ ਲਾਉਂਦੀ ਹੈ। ਨੇਤ੍ਰਾਂ ਨਾਲ ਉਨ੍ਹਾਂ ਨੂੰ ਘੁਟਦੀ ਹੈ ਤੇ ਸਦਕੇ ਹੋ ਹੋ ਕੇ ਵੇਖਦੀ ਹੈ ਕਿ ਸਾਰੇ ਸੰਸਾਰ ਦਾ ਕੇਂਦ੍ਰ ਹੈ ਤਾਂ ਇਹ ਹੈ। ਬਿਹਬਲ ਹੋਈ ਚਰਨਾਂ ਨੂੰ ਚੁੰਮਦੀ ਹੈ ਤਾਂ ਨੇਤ੍ਰ ਇਕ ਗੇੜ ਖਾ ਕੇ ਇਕ ਕੁਪਾਹੀ ਰੰਗ ਦੇ ਤਿੱਖੇ ਪਰ ਠੰਢੇ ਚਾਨਣੇ ਵਿਚ ਜਾ ਖੁਲਦੇ ਹਨ।ਕੀ ਵੇਖਦੀ ਹੈ ਕਿ ਸਤਗੁਰ ਦੇ ਪਿਆਰੇ ਸਿੱਖ ਮਨਸੁਖ ਦਾ ਜਹਾਜ਼ ਸੰਗਲਾ ਦੀਪ ਦੇ ਲਾਗੇ ਡੁਬਣ ਲੱਗਾ ਹੈ ਅਰ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰਕੇ ਇਕ ਮਨ ਹੋ ਬਿਨੈ ਕਰ ਰਿਹਾ ਹੈ ਤੇ ਸ੍ਰੀ ਸਤਿਗੁਰ ਜੀ ਆਪ ਪਹੁੰਚ ਕੇ ਉਸਦੀ ਸਹਾਇਤਾ ਕਰਦੇ ਹਨ, ਅਰ ਜਹਾਜ਼ ਪਾਰ ਹੋ ਜਾਂਦਾ ਹੈ। ਤੁਲਸਾਂ ਏਸ ਦਾਸਾਂ ਨਾਲ ਪਯਾਰ ਦੇ ਬਿਰਦ ਦਾ ਕੌਤਕ ਤੱਕ ਰਹੀ ਸੀ ਕਿ ਅੰਦਰੋਂ ਅਵਾਜ਼ ਆਈ:- ਨੀ ਤੁਲਸਾਂ, ਬੀਬੀ ਛੇਤੀ ਲਾਲ ਜੀ ਨੂੰ ਜਗਾ ਲਿਆ।

ਤੁਲਸਾਂ- ਇਸ ਮੌਜ ਵਿਚੋਂ ਅਨਚਾਹੇ ਉੱਠੀ, ਅੰਦਰ ਗਈ ਤਾਂ ਮਾਤਾ ਜੀ ਨੇ ਪੁੱਛਿਆ: ਲਾਲ ਜੀ ਉੱਠੇ ਹਨ ਕਿ ਨਹੀਂ?

ਤੁਲਸਾਂ- ਮਾਤਾ ਜੀ ਲਾਲ ਜੀ ਨਾ ਆਖੋ, ਸ੍ਰਿਸ਼ਟੀ ਦੇ ਮਾਲਕ ਜੀ ਆਖੋ। ਉਹ ਕੋਈ ਸੁੱਤੇ ਤਾਂ ਨਹੀਂ ਹੋਏ ਜੋ ਮੈਂ ਜਗਾ ਸੱਕਾਂ। ਅੰਮਾਂ ਉਹ ਤਾਂ ਮਨਸੁਖ





ਦਾ ਡੁਬਦਾ ਜਹਾਜ਼ ਪਏ ਪਾਰ ਕਰਦੇ ਹਨ ਮੇਰਾ ਤਾਂ ਹੀਆ ਨਹੀਂ ਪਿਆ ਜੋ ਜਗਾ ਲਿਆਵਾਂ।

ਮਾਤਾ-ਹੱਛਾ ਬੱਚੀ, ਕੌਣ ਹੱਸਣੀ ਗੇ, ਹਥਾਂ ਦੇ ਜਾਏ, ਇਹ ਬੀ ਦਿਨ ਆਉਂਣੇ ਸਨ।

ਇਹ ਕਹਕੇ ਮਾਤਾ ਆਪ ਗਈ ਤੇ ਇਧਰ ਚੌਕੇ ਵਿਚ ਬੇਬੇ ਨਾਨਕੀ ਆ ਬੇਠੀ:-

ਬੇਬੇ- ਤੁਲਸਾਂ ਤੂੰ ਭਾਰੀ ਭੁਲ ਕੀਤੀ ਹੈ। ਜੇ ਵਾਹਿਗੁਰੂ ਦੇ ਭੇਤਾਂ ਵਿਚੋਂ ਕਿਣਕਾ ਮਿਲ ਜਾਏ ਤਾਂ ਇਸ ਤਰ੍ਹਾਂ ਪ੍ਰਗਟ ਨਹੀਂ ਕਰੀਦਾ। ਸੰਸਾਰ ਕੇਵਲ ਨਿੰਦਣਾ ਜਾਣਦਾ ਹੈ, ਪਰਮੇਸ਼ਰ ਤੇ ਪਰਮੇਸ਼ਰ ਦੇ ਪਯਾਰਿਆਂ ਨੂੰ ਕੌਣ ਪਛਾਣਦਾ ਹੈ। ਸਾਰਾ ਸੰਸਾਰ ਸਦਾ ਤੋਂ ਮਖੌਲ ਕਰਦਾ ਹੈ, ਪਿਛੋਂ ਪਛਤਾਦਾ ਹੈ, ਪਰ ਜੀਉਂਦੇ ਜੀ ਹਰ ਸਮੇਂ ਬੇ-ਕਦਰੀ ਹੀ ਰਹੀ ਹੈ। ਜਦ ਪਰਮੇਸੁਰ ਜੀ ਜਾਂ ਪਰਮੇਸੁਰ ਦੇ ਪਯਾਰਿਆ ਦੀ ਕਰਨੀ ਦੀ ਕੀਰਤ ਬੇ ਵਿਚਾਰੇ ਕਰੋ ਤਾਂ ਨਿੰਦਾ ਹੁੰਦੀ ਹੈ, ਇਸ ਕਰਕੇ ਇਹ ਪਯਾਰ ਨਹੀਂ ਹੁੰਦਾ, ਆਪ ਸਗੋਂ ਨਿੰਦਾ ਕਰਵਾਈ ਦੀ ਹੈ। ਬੀਬੀ ਰਾਣੀ ਜੀਭ ਨੂੰ ਜੰਦਰਾ ਮਾਰ ਤੇ ਅੰਦਰ ਸੁਖ ਲੈ।

ਏਨੇਂ ਨੂੰ ਮਾਤਾ ਕੌਤਕਹਾਰ ਸਤਿਗੁਰੂ ਜੀ ਨੂੰ ਜਗਾ ਲਿਆਈ। ਆ ਕੇ ਪ੍ਰਸ਼ਾਦ ਛਕਾਯਾ ਤੇ ਪਿੱਛੋਂ ਆਖਿਆ ਕਿ ਦੇਖ ਲਾਲ ਜੇ ਤੂੰ ਬਓਰਾਨਿਆਂ ਨਾ ਫਿਰੇ, ਕੋਈ ਕੰਮ ਕਾਜ ਕਰੇ, ਸੁਹਣਾ ਪੜ੍ਹੇ ਪੰਚੈਤ ਵਿਚ ਬੈਠੇਂ ਤਾਂ ਸਾਨੂੰ ਲੋਕ ਮਖੌਲ ਤੇ ਟਿਚਕਰਾਂ ਤਾਂ ਨਾ ਕਰਨ। ਅੱਗੇ ਤਾਂ ਬਾਹਰ ਦੇ ਹਸਦੇ ਸਨ ਹੁਣ ਤਾਂ ਘਰ ਦੇ ਨੌਕਰ ਪਏ ਠੱਠੇ ਕਰਦੇ ਹਨ।

ਸਤਿਗੁਰ ਜੀ- ਮਾਤਾ ਜੀ ਕਿਸਨੇ ਆਪ ਨੂੰ ਬੇਅਦਬੀ ਦਾ ਵਾਕ ਬੋਲਿਆ ਹੈ?

ਮਾਤਾ-ਆਹ ਦੇਖਾਂ, ਤੁਲਸਾਂ ਅੱਜ ਆਖਦੀ ਸੀ ਕਿ ਮੈਂ ਕਿਸਨੂੰ ਜਗਾਵਾਂ, ਲਾਲ ਤਾਂ ਸਮੁੰਦ੍ਰਾਂ ਵਿਚ ਜਹਾਜ਼ ਪਿਆ ਤਾਰਦਾ ਹੈ।

ਸਤਿਗੁਰ-ਮਾਤਾ ਜੀ ਤੁਸੀ ਦੁਖ ਨਾ ਕਰੋ, ਤੁਲਸਾਂ ਦਾ ਕੀ ਹੈ, ਇਹ ਤਾਂ ਕਮਲੀ ਹੈ, ਕਮਲਿਆਂ ਦਾ ਕੀ ਗੁੱਸਾ?

ਇਹ ਕਹਣਾ ਸੀ, ਕਿ ਬੇਬੇ ਨਾਨਕੀ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ, ਜ਼ਮੀਨ ਅਸਮਾਨ ਚੱਕਰ ਖਾ ਗਏ, ਹਾਹ ਕਰਕੇ ਹਾਵਾ ਖਾਧਾ, ਪਰ ਫੇਰ ਸੰਭਲੀ। ਜ਼ਬਾਨ ਰੋਕੀ, ਚੁਫੇਰੇ ਤੱਕੀ ਤੁਲਸਾਂ ਕਮਲੀ ਹੋ ਗਈ।

ਅਗਲੇ ਭਲਕ ਜਦ ਸ੍ਰੀ ਗੁਰੂ ਜੀ ਏਕਾਂਤ ਬੈਠੇ ਸੇ ਤਾਂ ਤਰਸ ਦੀ ਖਾਣ ਬੇਬੇ ਨੇ ਜਾ ਬੇਨਤੀ ਕੀਤੀ:- ਹੇ ਵੀਰ ਹੇ ਜੋਤ ਨਿਰੰਜਨੀ, ਤੁਲਸਾਂ ਤੇ ਮੇਹਰ ਹੋ ਜਾਏ।

ਸਤਿਗੁਰ ਜੀ- ਬੇਬੇ ਫਿਕਰ ਨਾ ਕਰੋ, ਤੁਲਸਾਂ ਦਾ ਕੁਛ ਨਹੀਂ ਵਿਗੜਦਾ। ਉਹ ਸਾਈਂ ਨੂੰ ਸਿਮਰੇਗੀ ਤੇ ਪਚਾਵੇਗੀ। ਅਜਰ ਨੂੰ ਜਰੇਗੀ। ਕਮਲ ਏਨਾ ਹੀ ਰਹੇਗਾ, ਜੋ ਪ੍ਰਾਪਤ ਵਸਤੂ ਨੂੰ ਭੰਡੇਗੀ ਨਹੀਂ ਹੋਰ ਕਿਸੇ ਗੱਲੋਂ ਕਮਲ ਨਹੀਂ ਹੋਵੇਗਾ। ਕਮਲਾ ਉਹ ਜੋ ਵਾਹਿਗੁਰੂ ਦੇ ਪਯਾਰ ਵਿਚ ਬੋਲ ਨਾ ਸਕੇ। ਤੁਲਸਾਂ ਨੂੰ ਹਾਜ਼ਮੇਂ ਦਾ ਚੂਰਨ ਮਿਲਿਆ ਹੈ, ਅੰਦਰਲੇ ਸੁਖ ਨੂੰ ਜੀਉਰੇਗੀ, ਜਰੇਗੀ, ਤੇ ਮੁਕਤ ਹੋ ਜਾਵੇਗੀ।

ਜ਼ੋਤ ਨਿਰੰਜਨੀ ਨੂੰ ਪਹਿਲੀ ਪਛਾਣਨ ਹਾਰ ਬੇਬੇ ਨੇ ਸੁਕਰ ਕੀਤਾ ਤੇ ਤੁਲਸਾਂ ਦੇ ਦਿਨ ਆਤਮ ਸੁਖ ਵਿਚ ਲੰਘੇ।

# ਬੰਦੀਛੋੜ ਦਿਵਸ ਤੇ ਦੀਵਾਨ ਦੇ ਪ੍ਰਧਾਨ ਡਾ. ਨਿੱਜਰ ਦਾ ਵਿਸ਼ੇਸ਼ ਸੰਦੇਸ਼



ਭਾਰਤ ਦੇਸ਼ ਵਿਚ ਮਿਠੇ ਮੌਸਮ ਦੀ ਆਰੰਭਤਾ ਹੋਣ ਕਾਰਨ, ਮਸਿਆ ਦੀ ਹਨੇਰੀ ਰਾਤ ਨੂੰ, ਚਾਨਣ ਵਿਚ ਤਬਦੀਲ ਕਰਨ ਦੀ ਪਰੰਪਰਾ, ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਹੈ। ਇਸ ਦਿਨ ਹਨੇਰੀ ਮਸਿਆ ਨੂੰ ਦੀਵਿਆਂ ਦੀ ਰੌਸ਼ਨੀ ਨਾਲ ਰੋਸ਼ਨਾਇਆ ਜਾਂਦਾ ਹੈ। ਅਯੁਧਿਆ ਦੇ ਰਾਜਾ ਸ੍ਰੀ ਰਾਮ ਚੰਦਰ ਜੀ ਜਿਥੇ ਰਾਜਭਾਗ ਦੇ ਮਾਲਕ ਸਨ ਓਥੇ ਉਹ ਸਮਕਾਲ ਦੇ ਲੋਕ-ਮਨਾਂ ਦੇ ਰਾਜਾ ਵੀ ਸਨ ਜਿਸ ਕਰਕੇ ਹਿੰਦੂ-ਜੱਗਤ ਵਿਚ ਅਮਾਵਸ ਦਾ ਇਹ ਦਿਨ ਦੀਵਾਲੀ ਦੇ ਤਿਉਹਾਰ ਦਾ ਰੂਪ ਧਾਰਨ ਕਰ ਗਿਆ। ਕਿਉਂਕਿ ਇਸ ਦਿਨ ਸ੍ਰੀ ਰਾਮ ਚੰਦਰ ਜੀ 14 ਸਾਲਾਂ ਦਾ ਬਨਵਾਸ ਕਟਕੇ ਪਰਤੇ ਸਨ।



ਪਰ ਸਿੱਖ ਜੱਗਤ ਵਿਚ ਵੀ ਮੱਸਿਆ ਦੀ ਰਾਤ ਨੂੰ ਰੋਸ਼ਨਾਉਣ ਵਾਲਾ ਦੀਵਾਲੀ ਦਾ ਇਹ ਤਿਉਹਾਰ ਬੰਦੀ ਛੋੜ ਦਿਵਸ ਵਜੋਂ ਇਸ ਕਰਕੇ ਪ੍ਰਚਲਤ ਹੋਇਆ ਕਿਉਂਕਿ ਜਿਸ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 52 ਰਾਜਸੀ ਰਾਜਿਆਂ ਨੂੰ ਵੀ ਰਿਹਾਅ ਕਰਵਾਉਣ ਉਪਰੰਤ ਸ੍ਰੀ ਅੰਮ੍ਰਿਤਸਰ ਦੀ ਧਰਤ ਸੁਹਾਵੀ ਪੁਜੇ ਤਾਂ ਸਬਬੀਂ ਉਸ ਦਿਨ ਵੀ ਅਮਾਵਸ ਦਾ ਦਿਨ ਸੀ। ਸਿੱਖ ਸੰਗਤਾ ਨੇ ਵੀ ਆਪਣੇ ਸਤਿਕਾਰਤ ਗੁਰੂ ਜੀ ਦੀ ਆਮਦ ਦੇ ਸਨਮੁੱਖ ਖੁਸ਼ੀ ਵਿਚ ਖੀਵੇ ਹੁੰਦਿਆਂ ਸਮੁਚੇ ਵਾਯੂ ਮੰਡਲ ਨੂੰ ਰੋਸ਼ਨੀਆਂ ਨਾਲ ਜੱਗਮਗਾ ਦਿੱਤਾ। ਛੇਵੇਂ ਪਾਤਸ਼ਾਹ ਵੱਲੋਂ ਉਨ੍ਹਾਂ 52 ਰਾਜਸੀ ਕੈਦੀਆ ਨੂੰ ਰਿਹਾਅ ਕਰਾਉਣਾ ਜਿਨ੍ਹਾਂ ਨਾਲ ਗੁਰੂ ਸਾਹਿਬ ਦੀ ਨਾਂ ਤਾਂ ਕੋਈ ਪਰਿਵਾਰਕ, ਧਾਰਮਿਕ, ਭਾਈਚਾਰਕ, ਸਭਿਆਚਾਰਕ, ਖੇਤਰੀ ਜਾਂ ਭਾਸ਼ਾਈ ਸਾਂਝ ਸੀ ਬਲਕਿ ਉਹ ਵਿਭਿੰਨ ਖੇਤਰਾਂ ਦੇ ਪਿਛੋਕੜ ਵਾਲੇ ਸਨ। ਪਰ ਫੇਰ ਵੀ ਗੁਰੂ ਸਾਹਿਬ ਨੇ ਉਹਨਾਂ ਦੀ ਦੁਖ ਭਰੀ ਪੀੜ ਨੂੰ ਮਹਿਸੂਸ ਕੀਤਾ ਅਤੇ ਬਾਦਸ਼ਾਹ ਜਹਾਂਗੀਰ ਨੂੰ ਆਪਣੇ ਨਾਲ ਉਨ੍ਹਾਂ 52 ਰਾਜਿਆਂ ਨੂੰ ਵੀ ਰਿਹਾਅ ਕਰਨ ਦੀ ਸ਼ਰਤ ਰਖ ਦਿੱਤੀ ਜੋ ਗੁਰੂ ਸਾਹਿਬ ਦਾ ਪਲਾ ਫੜਕੇ ਰਿਹਾਅ ਹੋਏ। ਇਸ ਪਰਉਪਕਾਰੀ ਭਾਵਨਾ ਦੇ ਫਲਸਰੂਪ ਹੀ ਛੇਵੇਂ ਪਾਤਸ਼ਾਹ ਬੰਦੀਛੋੜ ਦਾਤਾ ਆਖੇ ਜਾਣ ਲਗੇ ਅਤੇ ਉਹਨਾਂ ਦੀ ਅੰਮ੍ਰਿਤਸਰ ਆਮਦ ਸਬਬੀ ਦੀਵਾਲੀ ਦੀ ਅਮਾਵਸ ਵਾਲੇ ਦਿਨ ਹੋਣ ਕਾਰਨ ਸਿੱਖ ਜੱਗਤ ਵਿਚ ਇਹ ਦਿਨ ਬੰਦੀਛੋੜ ਦਿਵਸ ਵਜੋਂ ਪ੍ਰਚਲਿਤ ਹੈ। ਆਤਸ਼ਬਾਜੀਆਂ ਚਲਾ ਕੇ ਵਾਤਾਵਰਣ ਪ੍ਰਦੂਸ਼ਤ ਕਰਨਾ, ਮਹਿੰਗੇ ਮਹਿੰਗੇ ਤੋਹਫੇ ਅਤੇ ਮਿਲਾਵਟੀ ਮਠਿਆਈਆਂ ਲੈਣੀਆਂ ਤੇ ਦੇਣੀਆਂ ਆਦਿ ਦਾ ਬੰਦੀਛੋੜ ਦਿਵਸ ਨਾਲ ਕੋਈ ਲੈਣਾ ਦੇਣਾ ਨਹੀਂ। ਕਿਉਂਕਿ ਬੰਦੀਛੋੜ ਦਿਵਸ ਇਕ ਸਿਧਾਂਤ ਹੈ ਜਿਸ ਦਾ ਮੁਖ ਉਦੇਸ਼ ਇਕ ਦੂਜੇ ਦੇ ਦੁੱਖ ਦਰਦ ਨੂੰ ਸਮਝਣਾ ਤੇ ਸੁਲਝਾਉਣਾ ਹੈ। ਅੱਜ ਅਸੀ ਫੀ ਸਦੀ ਦੇ ਕਰੀਬ ਲੋਕਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੁੰਦੀ, ਲਕ ਤੋੜ ਮਹਿੰਗਾਈ, ਕੁਰਪਸ਼ਨ ਅਤੇ ਰਿਸ਼ਵਤਖੋਰੀ ਨੇ ਆਮ ਜਨਤਾ ਦਾ ਨਕ ਵਿਚ ਦਮ ਕੀਤਾ ਹੋਇਆ ਹੈ, ਇਸਦੇ ਬਾਵਜੂਦ ਧਨ ਕੁਬੇਰ ਵੱਧ-ਫੁੱਲ ਰਹੇ ਹਨ। ਦਰ ਅਸਲ ਅੱਜ ਦੇ ਦਿਨ ਸਭ ਨੂੰ ਬੇਰੁਜ਼ਗਾਰੀ, ਭੁਖਮਰੀ, ਬੀਮਾਰੀ ਆਦਿ ਦੇ ਅਜ਼ਗਰ ਤੋਂ ਨਿਜਾਤ ਦੁਆਉਣ ਵਾਲੀ ਭਾਵਨਾ ਪੈਦਾ ਕਰਨ ਨਾਲ ਹੀ ਬੰਦੀਛੋੜ ਦਿਵਸ ਦੇ ਮੁੱਖ ਉਦੇਸ਼ ਨੂੰ ਸਾਰਥਿਕ ਬਣਾਇਆ ਜਾ ਸਕਦਾ ਹੈ।

ਇਸ ਲਈ ਮੈਂ ਚੀਫ਼ ਖ਼ਾਲਸਾ ਦੀਵਾਨ ਦੇ ਸਮੁੱਚੇ ਪਰਿਵਾਰ ਵਲੋਂ ਵਿਸ਼ਵ ਭਰ ਦੀਆਂ ਸਮੂਹ ਸੰਗਤਾਂ ਨੂੰ ਬੰਦੀਛੋੜ ਦਿਵਸ ਦੀਆਂ ਸ਼ੁਭਕਾਮਨਾਵਾਂ ਭੇਟ ਕਰਦਿਆਂ ਬੇਨਤੀ ਕਰਦਾ ਹਾਂ ਕਿ ਆਓ ਅੱਜ ਦੇ ਇਸ ਪਾਵਨ ਦਿਹਾੜੇ ਨੂੰ ਮਨਾਉਂਦਿਆਂ ਆਪਸੀ ਗਿਲੇ ਸ਼ਿਕਵੇ ਦੂਰ ਕਰਦਿਆਂ ਆਪਣੀ ਆਤਮਾ ਨੂੰ ਰਸ਼ਨਾਉਂਦਿਆਂ ਇਕ ਦੂਜੇ ਦੇ ਦੁੱਖ-ਸੁੱਖ ਦੇ ਭਾਈਵਾਲ ਬਣਕੇ ਦੇਸ਼ ਤੇ ਕੌਮ ਦੇ ਵਿਕਾਸ ਮਾਰਗ ਲਈ ਮਾਨਵਤਾ ਦੀ ਸੇਵਾ ਕਰਨ ਦਾ ਪ੍ਰਣ ਕਰਦਿਆਂ ਬੰਦੀਛੋੜ ਦਿਵਸ ਦੇ ਅਸਲ ਮੰਤਵ ਨੂੰ ਸਾਰਥਿਕ ਰੂਪ ਪ੍ਰਦਾਨ ਕਰੀਏ।

**ਡਾ. ਇੰਦਰਬੀਰ ਸਿੰਘ ਨਿੱਜਰ**
ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ,
ਅੰਮ੍ਰਿਤਸਰ



# ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਜੀਵਨ ਦਰਸ਼ਨ ਭਾਈਚਾਰਕ ਸਾਂਝ ਦਾ ਸ੍ਰੋਤ

**ਅਜੀਤ ਸਿੰਘ ਬਸਰਾ**
ਆਨਰੇਰੀ ਸਕੱਤਰ, ਚੀਫ਼ ਖ਼ਾਲਸਾ ਦੀਵਾਨ,
ਸ੍ਰੀ ਅੰਮ੍ਰਿਤਸਰ



ਜਗਤ ਗੁਰੂ ਸਾਹਿਬ ਸ੍ਰੀ ਗੁਰੂ ਬਾਬਾ ਨਾਨਕ ਦੇਵ ਜੀ 8 ਨਵੰਬਰ 2022 ਤੋਂ 553 ਸਾਲ ਦੇ ਹੋ ਗਏ ਹਨ। ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਨੂੰ ਵਿਸ਼ਵ ਭਰ ਵਿਚ ਇਸ ਲਈ ਮਨਾਇਆ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਨਾ ਕੇਵਲ ਸਮਕਾਲ ਦੀਂ ਹੈ ਹੈ ਕਰਦੀ ਧਰਤਿ ਲੁਕਾਈ' ਦੀ ਪੁਕਾਰ ਸੁਣ ਕੇ ਉਸ ਦੇ ਦੁਖ, ਰੋਗ, ਸੰਤਾਪ ਉਤਾਰੇ ਸਗੋਂ ਕਿਰਤ ਕਰਨ, ਨਾਮ ਜਪਣ, ਵੰਡ ਛਕਣ ਅਤੇ ਸੇਵਾ ਸਿਮਰਨ ਦੇ ਅਜਿਹੇ ਮਾਨਵ-ਹਿਤੂ ਸਿਧਾਂਤ ਸੰਚਾਰਤ ਕੀਤੇ ਜਿਨ੍ਹਾਂ ਨੇ ਨਾ ਕੇਵਲ ਸਮਕਾਲ ਦੇ ਅਸੰਤੁਲਤ ਮਾਨਵ-ਜੀਵਨ ਨੂੰ ਹੀ ਸੰਤੁਲਤ ਕੀਤਾ ਬਲਕਿ ਉਹ ਅਜਿਹੇ ਦਮਖ਼ਮ ਤੇ ਸ਼ਕਤੀਸ਼ਾਲੀ ਹਨ ਜੋ ਅਜੋਕੇ ਵਿਸ਼ਵ-ਮਾਨਵ ਸਮਾਜ ਨੂੰ ਆਪਣੀਆਂ ਸਮਸਿਆਵਾਂ ਦਾ ਸਮਾਧਾਨ ਕਰਨ ਲਈ ਮਾਰਗ ਦਰਸ਼ਨ ਕਰਨ ਲਈ ਪੂਰੀ ਤਰ੍ਹਾਂ ਸਾਰਥਿਕ ਤੇ ਸਮਰਥ ਹਨ।

ਏਥੇ ਇਕ ਗਲ ਸਪੱਸ਼ਟ ਰੂਪ ਵਿਚ ਸਮਝਣ ਦੀ ਲੋੜ ਹੈ ਕਿ ਗੁਰੂ ਨਾਨਕ ਜੀਵਨ ਦਰਸ਼ਨ ਦਾ ਅਧਾਰ ਧੁਰ ਕੀ ਬਾਣੀ ਦੇ ਸੰਦੇਸ਼ ਤੇ ਉਪਦੇਸ਼ਾਂ ਰਾਹੀ ਸੰਚਾਰਤ ਹੁੰਦੇ ਗੂਹੜ ਸਾਰ-ਗਰਭਤ ਗਿਆਨ ਨੂੰ ਜਾਣਨ, ਬੁਝਣ, ਸਮਝਣ, ਪਹਿਚਾਨਣ ਤੇ ਮਾਣਨ ਆਦਿ ਨੂੰ ਪਰੰਪਰਾਗਤ-ਜੁਗਤਾਂ ਦੇ ਮਾਧਿਅਮ ਰਾਹੀਂ ਠੀਕ ਪ੍ਰਸੰਗ ਵਿਚ ਸਮਝਣਾ ਸੰਭਵ ਨਹੀਂ। ਇਸ ਲਈ ਬਿਬੇਕ-ਬੁਧ ਪ੍ਰਗਾਸਣ ਦੀ ਲੋੜ ਹੁੰਦੀ ਹੈ। ਆਧੁਨਿਕ ਪੰਜਾਬੀ ਸਾਹਿੱਤ ਦੇ ਪਿਤਾਮਾ ਭਾਈ ਵੀਰ ਸਿੰਘ ਜੀ ਨੇ ਠੀਕ ਹੀ ਆਖਿਆ ਹੈ ਕਿ, ਸੰਸਾਰ ਦੇ ਲੋਕ ਕਿਉਂ ਸਿਮਰਨ ਵਾਲੇ ਪਾਸੇ ਨਹੀਂ ਲਗਦੇ....। ਕਾਰਨ ਇਹ ਹੈ ਕਿ ਉਨ੍ਹਾਂ ਦੀ ਤਵਜੋ ਚਾਹੇ ਉਹ ਮਰਦ ਹੈ, ਚਾਹੇ ਇਸਤ੍ਰੀ ਮਾਤਾ-ਪਿਤਾ ਸਭ ਕੋਈ ਮਾਇਆ ਵਿਚ ਜੁੜ ਰਿਹਾ ਹੈ, ਇਹ ਤਵਜੋ ਮਾਇਆ ਵਿਚ ਦੀ ਮਾਇਆ ਵਿਚ ਹੀ ਡੋਬੀ ਰਖਦੀ ਹੈ ਤੇ ਆਤਮ ਜੀਵਨ ਅਤ੍ਰਿਪਤ ਰਹਿੰਦਾ ਹੈ। ਕਿਉਂਕਿ ਅਜੋਕੇ ਪਦਾਰਥਵਾਦ ਦੀਆਂ ਨਿਜਲਾਭ ਤੇ ਨਿਜਵਾਦ ਦੀਆਂ ਰੁਚੀਆਂ ਦੇ ਭਾਰ ਹੇਠ ਦਬ ਰਹੀ ਮਾਨਵਤਾ ਨੂੰ, ਗੁਰੂ ਨਾਨਕ ਸਾਹਿਬ ਜੀ ਦੀ ਇਹ ਸਿਖਿਆ ਕਿ 'ਐਸੀ ਕਲਾ ਨ ਖੇਡੀਐ ਜਿਤ ਦਰਗਹ ਗਇਆ ਹਾਰੀਐ'' ਸਮਝ-ਗੋਚਰ ਕਰਨ ਲਈ ਪਰੰਪਰਾਗਤ ਨਾਲ ਜੁੜੇ ਪ੍ਰਚਾਰ ਤੇ ਸੰਚਾਰ ਸਾਧਨ ਨਿਗਰ ਤੇ ਕਾਰਗਰ ਭੂਮਿਕਾ ਨਿਭਾਉਣ ਦੇ ਸਮਰਥ ਨਹੀਂ ਜਾਪਦੇ।



ਚਿੰਤਨ ਖੇਤਰ ਦੇ ਪ੍ਰਸਿੱਧ ਚਿੰਤਕ ਕਾਰਲ ਮਾਰਕਸ ਦਾ ਇਕ ਕਥਨ ਹੈ ਕਿ ਕਿਸੇ ਦੇ ਗੁਣਾਂ ਦੀ ਪ੍ਰਸ਼ੰਸਾ ਕਰਨ ਦੀ ਥਾਂ ਉਸ ਤੇ ਅਮਲ ਕਰਨਾ ਲਾਹੇਵੰਦ ਹੁੰਦਾ ਹੈ ਜੋ ਬਿਲਕੁਲ ਠੀਕ ਜਾਪਦਾ ਹੈ। ਇਸ ਲਈ ਲੋੜ ਹੈ ਅਜੋਕੀ ਹਰ ਪੱਖੋਂ ਨਿਰਾਸ਼ ਮਾਨਵਤਾ ਨੂੰ ਰਿਸ਼ੀ ਅਸ਼ਟਾਵਾਕਰ ਵਾਂਗ ਘੋੜੇ ਤੇ ਚੜ੍ਹਨ ਤੋਂ ਪਹਿਲਾਂ ਹੀ ਰਾਜੇ ਨੂੰ ਗਿਆਨਵਾਨ ਬਣਾਉਣ ਦੀ। ਇਹ ਇਸ ਲਈ ਜ਼ਰੂਰੀ ਹੈ ਕਿ ਅਜੋਕੇ ਮਾਨਵ ਕੋਲ ਬਾਕੀ ਤਾਂ ਸਭ ਕੁੱਝ ਹੈ ਪਰ ਉਸ ਦੇ ਜੀਵਨ ਨੂੰ ਸੱਚਾ ਸੁੱਖ ਪ੍ਰਦਾਨ ਕਰਨ ਵਾਲੇ ਗਿਆਨ ਨੂੰ ਜਾਣਨ, ਸੁਣਨ, ਪੜ੍ਹਨ ਲਈ ਲੋੜੀਂਦਾ ਸਮਾਂ ਨਹੀਂ ਹੈ।

ਅਸ਼ਟਾਵਾਕਰ ਇਕ ਕਰੋਭ ਬ੍ਰਾਹਮਣ ਅਤੇ ਉਦਾਲਕ ਦੀ ਪੁੱਤਰੀ ਸੁਮਤੀ ਦਾ ਪੁੱਤਰ ਸੀ ਜਿਸ ਨੇ ਮਾਤਾ ਦੇ ਗਰਭ ਵਿਚ ਹੀ ਆਪਣੇ ਪਿਤਾ ਨੂੰ ਵੇਦਾਂ ਦਾ ਅਸ਼ੁਧ ਪਾਠ ਉਚਾਰਨ ਕਰਨ ਤੇ ਟੋਕਿਆ ਸੀ ਅਤੇ ਪਿਤਾ ਨੇ ਕ੍ਰੋਧ ਵਸ ਇਸ ਨੂੰ ਵਿੰਗੇ ਟੇਢੇ ਅੰਗਾਂ ਵਾਲਾ ਪੈਦਾ ਹੋਣ ਦਾ ਸਰਾਪ ਦੇ ਦਿੱਤਾ ਸੀ। ਪੈਦਾ ਹੋਣ ਤੇ ਇਸ ਬਚੇ ਦੇ ਸਰੀਰਕ ਅੰਗਾਂ ਦੇ 8 ਅੰਗ ਟੇਢੇ ਮੇਢੇ ਸਨ ਜਿਸ ਕਰਕੇ ਇਸ ਦਾ ਨਾਮ ਰਿਖੀ ਅਸ਼ਟਾਵਾਕਰ ਪ੍ਰਚਲਤ ਹੋ ਗਿਆ। ਪਰ ਇਹ ਹੈ ਬੜਾ ਗਿਆਨਵਾਨ ਸੀ। (ਮਹਾਨ ਕੋਸ਼, ਪੰਨਾ 26)

ਵਿਸ਼ਨੂੰ ਪੁਰਾਣ ਵਿਚ ਦਰਜ ਇਕ ਕਥਾ ਅਨੁਸਾਰ ਇਕ ਰਾਜੇ ਨੇ ਆਪਣੇ ਦਰਬਾਰੀਆਂ ਨੂੰ ਪ੍ਰਸ਼ਨ ਕੀਤਾ ਕਿ ਕੀ ਕੋਈ ਐਸਾ ਦਰਬਾਰੀ ਜਾਂ ਗੁਣਵਾਨ ਰਿਸ਼ੀ ਹੈ ਜੋ ਉਸ ਨੂੰ ਘੋੜੇ ਤੇ ਚੜਨ ਤੋਂ ਪਹਿਲਾਂ ਦੇ ਸਮੇਂ ਵਿਚ ਹੀ ਗਿਆਨਵਾਨ ਬਣਾ ਦੇਵੇ। ਦਰਬਾਰੀ ਚੁਪ, ਮਨਿਆਦੀ ਕਰਾਈ ਗਈ ਤਾਂ ਰਿਖੀ ਅਸ਼ਟਾਵਾਕਰ ਰਾਜੇ ਦੇ ਦਰਬਾਰ ਵਿਚ ਆਇਆ ਤੇ ਬੋਲਿਆ ਕਿ ਰਾਜਨ ਤੇਰੇ ਪ੍ਰਸ਼ਨ ਦਾ ਉੱਤਰ ਮੈਂ ਦੇ ਸਕਦਾ ਹਾਂ। ਰਾਜਾ ਖੁਦ ਤੇ ਉਸਦੇ ਦਰਬਾਰੀ ਰਿਖੀ ਅਸ਼ਟਾਵਾਕਰ ਦੇ ਸਰੀਰ ਨੂੰ ਵੇਖ ਖੂਬ ਹਸੇ। ਪਰ ਰਾਜੇ ਨੇ ਰਿਖੀ ਤੋਂ ਆਪਣੇ ਪ੍ਰਸ਼ਨ ਦਾ ਉੱਤਰ ਮੰਗਿਆ। ਇਸ ਤੇ ਰਿਸ਼ੀ ਨੇ ਕਿਹਾ ਕਿ ਰਾਜਨ ਉੱਤਰ ਸੁਣਨ ਤੋਂ ਪਹਿਲਾਂ ਤੁਹਾਨੂੰ ਤਨ, ਮਨ, ਧਨ ਵਿਚੋਂ ਇਕ ਚੀਜ਼ ਦਕਸ਼ਣਾਂ (ਫੀਸ) ਵਜੋਂ ਦੇਣੀ ਪਵੇਗੀ ਜਿਵੇਂ ਅੱਜ ਕਲ ਬਚੇ ਸਕੂਲਾਂ ਤੇ ਕਾਲਜਾਂ ਵਿਚ ਫੀਸਾਂ ਦਿੰਦੇ ਹਨ। ਰਾਜੇ ਨੇ ਸੋਚਿਆ ਕਿ ਜੇ ਮੈਂ ਆਪਣਾ ਤਨ ਦਕਸ਼ਣਾਂ ਵਿਚ ਦੇ ਦਿੰਦਾ ਹਾਂ ਤਾਂ ਮੇਰੀ ਹੋਂਦ ਖ਼ਤਮ ਹੋ ਜਾਏਗੀ ਅਤੇ ਜੇ ਧਨ ਦਿੰਦਾ ਹਾਂ ਤਾਂ ਮੈਂ ਕੰਗਾਲ ਹੋ ਜਾਵਾਂਗਾ। ਇਸ ਲਈ ਰਾਜੇ ਨੇ ਰਿਸ਼ੀ ਨੂੰ, ਮਨ, ਦਕਸ਼ਣਾਂ ਵਿਚ ਦੇਣ ਦੀ ਪੇਸ਼ਕਸ਼ ਕਰ ਦਿੱਤੀ। ਰਿਸ਼ੀ ਨੇ ਰਾਜੇ ਦੀ ਪੇਸ਼ਕਸ਼ ਪ੍ਰਵਾਨ ਕਰਦਿਆਂ ਉਸ ਨੂੰ ਘੋੜੇ ਵਲ ਜਾਣ ਦਾ ਇਸ਼ਾਰਾ ਕੀਤਾ। ਜਿਸ ਸਮੇਂ ਰਾਜਾ ਘੋੜੇ ਪਾਸ ਪੁਜ ਕੇ ਉਸ ਤੇ ਚੜਨ ਲਗਾ ਤਾਂ ਰਿਸ਼ੀ ਨੇ ਕਿਹਾ ਕਿ ਰਾਜਨ ਰੁਕੋ ਤੇ ਪੁਛਿਆ ਕਿ ਕੀ ਕਰਨ ਲਗੇ ਹੋ? ਰਾਜੇ ਨੇ ਉੱਤਰ ਦਿੱਤਾ ਕਿ ਘੋੜੇ ਤੇ ਚੜਨ ਲਗਾ ਹਾਂ। ਰਿਸ਼ੀ ਨੇ ਫੇਰ ਪੁਛਿਆ ਕਿ ਕਿਉਂ? ਰਾਜੇ ਨੇ ਉਤਰ ਦਿੱਤਾ ਕਿ ਮੇਰਾ ਮਨ ਕਰਦਾ ਹੈ। ਰਿਸ਼ੀ ਨੇ ਰਾਜੇ ਨੂੰ ਪੁਛਿਆ ਤੇ ਫੇਰ ਕਿਹਾ ਕਿ ਕਿਹੜਾ ਮਨ? ਉਹ ਤਾਂ ਤੂੰ ਮੈਨੂੰ ਦਕਸ਼ਣਾਂ ਵਿਚ ਦੇ ਬੈਠਾ ਹੈ। ਇਸ ਲਈ ਮੇਰੀ ਮਰਜੀ ਤੋਂ ਬਗੈਰ ਤੂੰ ਮਨਮਰਜੀ ਨਹੀਂ ਕਰ ਸਕਦਾ ਕਿਉਂਕਿ ਤੇਰੇ ਕੋਲ ਹੁਣ ਤੇਰਾ ਮਨ ਤਾਂ ਹੈ ਹੀ ਨਹੀਂ? ਇਹ ਸੁਣਦਿਆਂ ਹੀ ਰਾਜੇ ਨੂੰ ਇਕ ਦਮ ਗਿਆਨ ਹੋ ਗਿਆ।

ਹੁਣ ਬੇਸ਼ਕ ਇਹ ਮਿੱਥ ਕਥਾ ਹੈ ਪਰ ਇਸ ਦੇ ਗਰਭ ਵਿਚ ਲੁੱਪਤ ਸੰਦੇਸ਼ ਸਾਨੂੰ ਗੁਰੂ ਨਾਨਕ ਪਾਤਸ਼ਾਹ ਦੇ ਬਾਣੀ ਸਿਧਾਂਤ 'ਐਸੀ ਕਲਾ ਨ ਖੇਡੀਐ ਜਿਤ ਦਰਗਹ ਗਇਆ ਹਾਰੀਐ' ਨੂੰ ਸਮਝਣ ਵਿਚ ਸਹਾਇਤਾ ਕਰਦਾ ਹੈ ਕਿ ਸੱਚ ਅਧਾਰਤ ਤੱਥ ਏਹੋ ਹੈ ਕਿ ਮਨੁੱਖ ਦਾ ਸਦਾ ਚਿਰ ਰਹਿਣ ਵਾਲਾ ਆਪਣਾ ਕੁੱਝ ਵੀ ਨਹੀਂ। ਇਸ ਲਈ ਕੇਵਲ ਨਿਜਲਾਭ ਤੇ ਨਿਜਵਾਦ ਲਈ ਮਿਲਾਵਟ ਖੋਰੀ ਤੇ ਅਨੈਤਿਕ ਕਾਰਜਾਂ ਰਾਹੀਂ ਧਨ ਇਕਤਰ ਕਰਨਾ, ਧਰਮ ਦੀ ਆੜ ਹੇਠ ਦੰਗੇ ਕਰਨੇ, ਕਰਾਉਣੇ, ਝੂਠੀ ਆਨ, ਸ਼ਾਨ ਤੇ ਐਸ਼ ਪ੍ਰਸਤੀ ਲਈ ਮਾਨਵ ਸਮਾਜ ਦਾ ਸ਼ੋਸ਼ਣ ਕਰਨਾ ਆਦਿ ਮਾਨਵ-ਜੀਵਨ ਨੂੰ ਸੱਚਾ ਸੁੱਖ ਪ੍ਰਦਾਨ ਨਹੀਂ ਕਰ ਸਕਦੇ। ਇਸ ਲਈ ਸੱਚਾ ਸੁਖਦਾਈ ਜੀਵਨ ਗੁਰੂ ਨਾਨਕ ਸਾਹਿਬ ਦੇ ਦਰਸਾਏ ਮਾਰਗ ਦਾ ਪਾਂਧੀ ਬਣ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

**ਇਹ ਇਕ ਅਟੱਲ ਸਚਾਈ ਹੈ ਜਿਸ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ:-**

1) ਗੁਰੂ ਨਾਨਕ ਸਾਹਿਬ ਮਾਨਵਤਾ ਦੇ ਭਲਾਈ ਕਾਰਜਾਂ ਲਈ ਸਭ ਤੋਂ ਵਧੇਰੇ ਢੁਕਵੇਂ ਰੋਲ ਮਾਡਲ ਸਨ ਤੇ ਹਨ ਕਿਉਂਕਿ ਉਨ੍ਹਾਂ ਦੇ ਜੀਵਨ-ਦਰਸ਼ਨ ਦਾ ਕੇਂਦਰ ਬਿੰਦੂ ਮਾਨਵ ਜੀਵਨ ਨੂੰ ਸੰਵਾਰਨਾ, ਸ਼ਿੰਗਾਰਨਾ ਤੇ ਉਭਾਰਨਾ ਸੀ। ਉਨ੍ਹਾਂ ਨੇ ਸਮਕਾਲ ਦੀ ਧਰਮ-ਵੰਡ, ਵਰਣ-ਵੰਡ, ਸ਼੍ਰੇਣੀ-ਵੰਡ ਵਾਲੀ ਖੰਡਤ ਲੁਕਾਈ ਨੂੰ ਇਕ ਸੁਤਰ ਵਿਚ ਪ੍ਰੋਣ ਲਈ ਹੀ ਨਾ ਕੋ ਹਿੰਦੂ ਨਾ ਮੁਸਲਮਾਨ ਦੇ ਬੋਲਾਂ ਸਨਮੁਖ ਹਰ ਕਿਸਮ ਦੇ ਭਿੰਨ ਭੇਦ ਮਿਟਾਕੇ ਸਭ ਨਾਲ ਚਲਣਾ ਤੇ ਸਭ ਨੂੰ ਨਾਲ ਲੈ ਕੇ ਚਲਣਾ ਦੀ ਪਿਰਤ ਪਾਈ। ਜਿਸ ਦੀ ਮਿਸਾਲ ਭਾਈ ਮਰਦਾਨੇ ਤੇ ਭਾਈ ਬਾਲੇ ਨੂੰ ਸੰਗੀ ਸਾਥੀ ਬਣਾਉਣਾ।

2) ਗੁਰੂ ਸਾਹਿਬ ਇਕਸਾਰ ਗੰਭੀਰ ਦਰਸ਼ਨਵੇਤਾ, ਬਾਣੀਕਾਰ, ਸਮਾਜ-ਸ਼ਾਸਤਰੀ ਅਤੇ ਅਣਥਕ ਮਹਾਨ ਯਾਤਰੂ ਸਨ। ਇਸ ਤੱਥ ਦੀ ਪੁਸ਼ਟੀ ਹੁੰਦੀ ਹੈ ਉਨ੍ਹਾਂ ਦੀ ਬਾਣੀ ਵਿਚ ਪ੍ਰਾਪਤ ਦਰਸ਼ਨ-ਖੇਤਰ ਨਾਲ ਸੰਬੰਧਤ ਨਵੀਂਨ ਸ਼ੈਲੀ ਵਾਲੇ ਦਾਰਸ਼ਨਿਕ ਸਿਧਾਂਤ, 20 ਰਾਗਾਂ ਵਿਚ ਵਿਭਿੰਨ ਸਾਹਿਤਕ ਰੂਪਾਂ ਵਿਚ ਪ੍ਰਾਪਤ ਬਾਣੀ, ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਵਾਲੇ ਮਾਨਵ-ਉਥਾਨ ਦੇ ਸਮਾਜ-ਭਲਾਈ ਸਿਧਾਂਤ ਅਤੇ ਕਲਿ ਤਾਰਣ ਲਈ ਹਜ਼ਾਰਾਂ ਮੀਲਾਂ ਦਾ ਸਫ਼ਰ ਤਹਿ ਕਰਦਿਆਂ ਦੇਸ਼, ਵਿਦੇਸ਼ ਵਿਚ ਕੀਤੀਆਂ ਚਾਰ ਉਦਾਸੀਆਂ।

3) ਗੁਰੂ ਸਾਹਿਬ ਜੀ ਦੀ ਵਿਚਾਰਧਾਰਾ, ਪੱਖਵਾਦ, ਪ੍ਰਾਂਤਵਾਦ, ਨਿਜਵਾਦ, ਪ੍ਰੀਵਾਰਵਾਦ, ਕੱਟੜਵਾਦ, ਭਾਸ਼ਾਵਾਦ ਆਦਿ ਦੀ ਕਿਲੇਬੰਦੀ ਤੋਂ ਅਜ਼ਾਦ ਸਭ ਨੂੰ ਇਕਸਾਰ ਪ੍ਰੇਮ-ਪਿਆਰ ਨਾਲ ਰਹਿਣ ਤੇ ਸਹਿਣ ਦੀ ਪ੍ਰੇਰਨਾ ਕਰਦੀ ਹੈ। ਏਸੇ ਲਈ ਆਪ ਜੀ ਸਰਬ ਸਾਂਝੀਵਾਲਤਾ ਦੇ ਇਸ ਕਾਰਜ ਲਈ ਹਰ ਧਰਮ-ਆਗੂ ਪਾਸ ਨਿਜ ਰੂਪ ਵਿਚ ਚਲ ਕੇ ਗਏ ਅਤੇ ਉਨ੍ਹਾਂ ਪਾਸ ਜਾ ਕੇ ਪਹਿਲੋਂ ਉਨ੍ਹਾਂ ਦੀ ਗਲ ਸੁਣੀ ਪਿਆਰ ਨਾਲ ਉਪਰੰਤ ਬਿਨ੍ਹਾ ਕਿਸੇ ਦਾ ਨਿਰਾਦਰ ਕੀਤੇ ਬਾਣੀ ਆਧਾਰਤ ਆਪਣੀ ਗਲ ਕਹੀ ਜੋ ਪ੍ਰਵਾਨਤ ਵੀ ਹੋਈ।

4) ਗੁਰੂ ਨਾਨਕ-ਬਾਣੀ ਦੇ ਸਿਧਾਂਤ ਹਰ ਪੱਖੋਂ ਅਮੀਰ ਤੇ ਅਮਰ ਹਨ ਜਿਨ੍ਹਾਂ ਉਤੇ ਖੋਜਕਾਰਾਂ ਨੇ ਨਿਠ ਕੇ ਖੋਜ਼ ਕਾਰਜ ਕੀਤੇ ਹਨ ਅਤੇ ਕਰ ਰਹੇ ਹਨ। ਗੁਰੂ ਸਾਹਿਬ ਦਾ ਇਹ ਪੱਖ ਉਜਾਗਰ ਤੋਂ ਉਜਾਗਰਤਰ ਹੁੰਦਾ ਰਹੇਗਾ ਤੇ ਹੁੰਦਾ ਰਹਿਣਾ ਚਾਹੀਦਾ ਹੈ।

ਦਰਅਸਲ ਗੁਰੂ ਨਾਨਕ ਸਾਹਿਬ ਦੀ ਵਡੀ ਵਡਿਆਈ ਤੇ ਅਚਰਜ ਸੋਭਾ ਇਸ ਤੱਥ ਵਿਚ ਹੈ ਕਿ ਉਹ ਅਜਿਹੇ ਸਚਿਆਰ ਮਨੁੱਖ ਦੀ ਸਿਰਜਨਾ ਕਰਨ ਦੇ ਇਛਕ ਸਨ ਜੋ ਰੋਲ ਮਾਡਲ ਬਣ ਕੇ ਨਾ ਕੇਵਲ ਆਪਣੇ ਜੀਵਨ ਨੂੰ ਬਲਕਿ ਸਮੁੱਚੇ ਪ੍ਰਵਾਰ ਤੇ ਆਲੇ-ਦੁਆਲੇ ਨੂੰ ਸਵਾਰ ਕੇ ਸੁਧਾਰ ਸਕੇ। ਕਿਉਂਕਿ ਗੁਰੂ ਨਾਨਕ ਸਾਹਿਬ ਸਮਝਦੇ ਸਨ ਕਿ ਅਜਿਹਾ ਮਨੁੱਖ ਹੀ ਸਮਾਜ ਦਾ ਸਰਬਪੱਖੀ ਵਿਕਾਸ ਕਰਨ ਦੇ ਸਮਰਥ ਹੁੰਦਾ ਹੈ। ਇਸ ਲਈ ਜਦੋਂ ਅਸੀਂ ਉਨ੍ਹਾਂ ਦੀਆਂ ਪ੍ਰਸਿੱਧ ਬਾਣੀਆਂ ਜਪੁ ਜੀ ਸਾਹਿਬ, ਮਾਝ ਦੀ ਵਾਰ, ਆਸਾ ਦੀ ਵਾਰ, ਬਾਬਰ-ਬਾਣੀ, ਰਾਮਕਲੀ ਰਾਗ ਦੀ ਸਿਧ ਗੋਸਟਿ ਤੇ ਓਅੰਕਾਰ-ਬਾਣੀ ਆਦਿ ਦਾ ਇਮਾਨਦਾਰੀ ਨਾਲ ਅਧਿਐਨ ਕਰਦੇ ਹਾਂ ਤਾਂ ਉਨ੍ਹਾਂ ਦਾ ਇਹੋ ਪੱਖ ਉਭਰ ਕੇ ਸਾਡੇ ਸਨਮੁਖ ਆ ਜਾਦਾ ਹੈ। ਏਹੋ ਕਾਰਨ ਹੈ ਕਿ ਵਪਾਰ ਲਈ ਮਿਲੇ 20 ਰੁਪਏ ਦਾ ਉਨ੍ਹਾਂ ਨੇ ਭੁਖੇ ਸੰਤ ਮਹਾਂ ਪੁਰਸ਼ਾਂ ਨੂੰ ਭੋਜਨ ਛਕਾ ਕੇ ਅਜਿਹਾ ਸੱਚਾ ਸੌਦਾ ਕੀਤਾ ਜੋ ਬਾਅਦ ਵਿਚ ਇਕ ਪ੍ਰਭਾਵਸ਼ਾਲੀ ਲੰਗਰ-ਸੰਸਥਾ ਉਸਾਰਨ ਦਾ ਆਧਾਰ ਬਣਿਆ। ਇਹੋ ਲੰਗਰ ਪਰੰਪਰਾ ਅੱਜ ਵਿਸ਼ਵ ਭਰ ਵਿਚ ਸਿੱਖ ਧਰਮ ਦੀ ਵਿਲਖਣ ਤੇ ਵਿਸ਼ੇਸ਼ ਪਹਿਚਾਨ ਦਾ ਆਧਾਰ ਬਣ ਗਈ ਹੈ। ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ, ਨਿਸ਼ਕਾਮ ਸੇਵਾ ਤੇ ਸਿਮਰਨ ਕਰਨਾ ਗੁਰੂ ਨਾਨਕ ਸਾਹਿਬ ਦੇ ਮਾਨਵ-ਜੀਵਨ ਨੂੰ ਸੁਧਾਰਨ ਵਾਲੇ ਅਨਮੋਲ ਸੁਨੇਹਰੀ ਅਸੂਲ ਹਨ।

ਸੱਚ ਏਹੋ ਹੈ ਕਿ ਮਨੁੱਖ ਨੂੰ ਪਹਿਲੀ ਵਾਰ ਗਿਆਨ ਪ੍ਰਾਪਤ ਹੋਇਆ ਕਿ ਉਹ ਸਮੁੱਚੀ ਬ੍ਰਹਮੰਡੀ ਰਚਨਾ ਦਾ ਸਰਦਾਰ ਕਿਉਂ ਮੰਨਿਆ ਜਾਂਦਾ ਹੈ ਅਤੇ ਉਸਦੇ ਜੀਵਨ ਦਾ ਮੁੱਖ ਮੰਤਵ ਕੀ ਹੈ? ਮਨੁੱਖ ਨੇ ਆਪਣੇ ਮੰਤਵ ਦੀ ਪ੍ਰਾਪਤੀ ਕਿਵੇਂ ਕਰਨੀ ਹੈ ਇਸ ਪੱਦ-ਪ੍ਰਾਪਤੀ ਦਾ ਸੁਖਾਲਾ ਤੇ ਸਾਰਥਿਕ ਮਾਰਗ ਦਰਸਾਇਆ ਗੁਰੂ ਨਾਨਕ ਸਾਹਿਬ ਨੇ। ਗੁਰੂ ਸਾਹਿਬ ਨੇ ਮਾਨਵਤਾ ਨੂੰ ਬਹੁਦੇਵਵਾਦ ਦੀ ਪੂਜਾ ਪੱਧਤੀ ਨਾਲੋਂ 'ਏਕੋ ਧਰਮ ਦ੍ਰਿੜੈ ਸਚੁ ਸੋਈ' ਦਾ ਸਿਧਾਂਤ ਸਿਰਜ ਕੇ ਉਸ ਨੂੰ ਧਾਰਮਿਕ ਖੇਤਰ ਨਾਲ ਜੁੜੇ ਤੇ ਜੋੜੇ ਗਏ ਫੋਕੇ ਕਰਮ-ਕਾਂਡ, ਰੀਤਾਂ ਰਸਮਾਂ, ਅੰਧ ਵਿਸ਼ਵਾਸ਼, ਵਹਿਮ ਪਰਮਾਂ ਦੀ ਜਿਲਣ ਵਿਚੋਂ ਕਢ ਕੇ ਸਚੇ ਪ੍ਰਭੂ ਨਾਲ ਜੁੜਨ ਲਈਂ 'ਸਭਿ ਮਹਿ ਜੋਤਿ ਜੋਤਿ ਹੈ ਸੋਇ' ਦਾ ਉਪਦੇਸ਼ ਦਿੰਦਿਆਂ ਸਮਾਜਿਕ ਪੱਧਰ ਤੇ ਭਰਾਤਰੀ ਭਾਵ ਦੀ ਗੰਢ ਪਕੀ ਪੀਢੀ ਕੀਤੀ। ਏਥੇ ਹੀ ਬਸ ਨਹੀਂ ਉਨ੍ਹਾਂ ਨੇ ਸਮਕਾਲ ਦੇ ਧਰਮ-ਆਗੂਆਂ, ਸੰਨਿਆਸੀਆਂ, ਜੋਗੀਆਂ, ਨਾਥਾਂ, ਪੰਡਤਾਂ ਆਦਿ ਦੇ ਧਾਰਮਿਕ-ਜੀਵਨ ਨੂੰ ਨਿਜਲਾਭ ਲਈ ਭੋਲੀ ਭਾਲੀ ਮਾਨਵਤਾ ਦਾ ਸ਼ੋਸ਼ਣ ਕਰਨ ਤੋਂ ਵਰਜਦਿਆਂ ਉਨ੍ਹਾਂ ਨੂੰ ਆਪਣੇ ਅਸਲੀ ਫਰਜ਼ਾਂ ਅਨੁਸਾਰ ਧਰਮ-ਕਰਮ ਕਰਨ ਦੀ ਪ੍ਰੇਰਨਾ ਕੀਤੀ। ਏਸੇ ਲਈ ਉਨ੍ਹਾਂ ਦੇ ਸਮੁੱਚੇ ਜੀਵਨ-ਦਰਸ਼ਨ ਵਿਚ ਧਰਮ ਪਰਿਵਰਤਨ ਮਨਫ਼ੀ ਹੈ।

ਸੰਖੇਪ ਵਿਚ ਆਖਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਬਾਣੀ ਵਿਚ ਪ੍ਰਦਰਸ਼ਤ ਹੁੰਦੇ ਸਿਧਾਤਾਂ ਦੀ ਮਹੱਤਤਾ ਅਜਿਹੇ ਤਥਾਂ ਨੂੰ ਉਭਾਰਦੀ ਹੈ ਜਿਸ ਨਾਲ ਮਾਨਵ-ਚੇਤਨਾ ਦੀ ਬੇਬਸੀ, ਬੇਚਾਰਗੀ, ਲਚਾਰਗੀ ਅਤੇ ਨਿਰਾਸ਼ਾਵਾਦੀ ਜਕੜ ਟੁਟੇ, ਆਵਹੁ ਭੈਣੇ ਗਲ ਮਿਲਹੁ ਦੀ ਭਾਵਨਾ ਦੇ ਅੰਤਰਗਤ ਮਨੁਖ ਦਾ ਮਨੁਖ ਨਾਲ ਵਿਚਾਰ ਵਟਾਂਦਰਾ ਤੇ ਭਾਈਚਾਰਕ ਸਾਂਝ ਬਣੇ ਅਤੇ ਜੀਵਨ ਨੂੰ ਬੇਲੋੜੇ ਵਾਦ-ਵਿਵਾਦ ਦੀ ਥਾਂ ਸੰਵਾਦ ਜੁਗਤ ਰਾਹੀਂ ਲੋਕ-ਹਿਤਕਾਰੀ ਰੁਖ ਦਿੱਤਾ ਜਾਵੇ। ਇਹ ਅਜਿਹੇ ਸਿਧਾਂਤ ਹਨ ਜਿਨ੍ਹਾਂ ਦੀਆਂ ਅਜੋਕੇ ਮਾਨਵ ਸਮਾਜ ਨੂੰ ਤੰਦਾਂ ਫੜਕੇ ਇਕ ਚੰਗੇ ਮਕੈਨਿਕ ਵਾਂਗ ਰੀਪੇਅਰ ਕਰ ਕੇ ਸਵਾਰਨਾ ਤੇ ਸ਼ਿੰਗਾਰਨਾ ਚਾਹੀਦਾ ਹੈ ਜਿਸਦੀ ਗੁਰੂ ਨਾਨਕ ਸਾਹਿਬ ਜੀ ਦੇ ਸਮਕਾਲ ਨਾਲੋਂ ਵੀ ਅਜੋਕੇ ਸਮੇਂ ਵਧੇਰੇ ਲੋੜ ਹੈ।



# ਸਮੁੱਚੀ ਮਨੁੱਖਤਾ ਦਾ ਸਰਬਸਾਂਝਾ ਧਰਮ-ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ



**ਡਾ. ਜਸਪਾਲ ਸਿੰਘ**

ਦੁਨੀਆ ਦੇ ਸਾਰੇ ਹੀ ਧਰਮ ਗ੍ਰੰਥ ਸਤਿਕਾਰਯੋਗ ਹਨ। ਹਰ ਧਰਮ ਗ੍ਰੰਥ ਵਿਚ ਸੰਕਲਿਤ ਸੰਦੇਸ਼ ਕਿਸੇ ਨਾ ਕਿਸੇ ਰੂਪ ਵਿਚ ਮਨੁੱਖੀ ਜ਼ਿੰਦਗੀ ਨੂੰ ਸੇਧ ਦਿੰਦਾ ਹੈ। ਪਰ ਇਸ ਵਿਚ ਕੋਈ ਸੰਦੇਹ ਨਹੀਂ ਕਿ ਧਰਮ ਗ੍ਰੰਥਾਂ ਦੀ ਪਰੰਪਰਾ ਵਿਚ ਗੁਰੂ ਗ੍ਰੰਥ ਸਾਹਿਬ ਦਾ ਨਿਵੇਕਲਾ ਮੁਕਾਮ ਹੈ, ਇਹ ਇਕ ਵਿਲੱਖਣ ਧਰਮ ਗ੍ਰੰਥ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਵੱਡੀ ਵਿਲੱਖਣਤਾ ਇਹ ਹੈ ਕਿ ਉਸ ਨੂੰ ਗੁਰੂ-ਪਦ, ਗੁਰੂ ਦਾ ਰੁਤਬਾ ਪ੍ਰਾਪਤ ਹੈ।

ਇਤਿਹਾਸ ਲਿਖਤਾਂ ਦੱਸਦਿਆਂ ਹਨ ਕਿ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪੈਸੇ ਅਤੇ ਨਾਰੀਅਲ ਹੱਥ ਵਿਚ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਪਰਿਕਰਮਾ ਕੀਤੀ ਅਤੇ ਮੱਥਾ ਟੇਕਿਆ। ਫੇਰ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਐਲਾਨਦਿਆਂ, ਸਿੱਖਾਂ ਨੂੰ ਹੁਕਮ ਦਿੱਤਾ ਕਿ ਉਹ ਅੱਗੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜ਼ਰਾ-ਹਜ਼ੂਰ ਗੁਰੂ ਮੰਨਣ ਅਤੇ ਉਸੇ ਨੂੰ ਪ੍ਰਗਟ ਗੁਰਾਂ ਦੀ ਦੇਹ ਕਰ ਕੇ ਜਾਣਨ। ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਦੀਆ ਹੇਠਲੀਆਂ ਸਤਰਾਂ ਧਿਆਨ ਨਾਲ ਪੜ੍ਹਨ ਵਾਲੀਆਂ ਹਨ:-

**ਪੈਸੇ ਪਾਂਚ ਨਾਲੇਰ ਲੈ ਤਿਸ ਅਗਰ ਟਿਕਾਯੋ। ਕਰ ਪ੍ਰਕਰਮਾ ਗੁਰੂ ਜੀ ਨਿਜ ਮਾਥ ਝੁਕਾਯੋ।**
**ਗੁਰੂ ਗ੍ਰੰਥ ਕੋ ਗੁਰੂ ਥਾਪਿਉ ਕੁਣਕਾ ਬਟਵਾਯੋ। ਸ੍ਰੀ ਮੁਖ ਤੈ ਸਭ ਸਿਖਨ ਕੋ ਇਹ ਹੁਕਮ ਸੁਨਾਯੋ।**
**ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ। ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।**
**ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ। ਜੋ ਪ੍ਰਭ ਕੋ ਮਿਲਬੈ ਚਹੈ ਖੋਜ਼ ਸ਼ਬਦ ਮੈਂ ਲੇਹ।**

ਇਸੇ ਰਚਨਾ ਦੀਆਂ ਆਗਿਆ ਭਈ ਅਕਾਲ ਕੀ ਵਾਲੀਆਂ ਚਾਰ ਪੰਕਤੀਆਂ ਤਾਂ ਰੋਜ਼ਾਨਾ ਅਰਦਾਸ ਤੋਂ ਬਾਅਦ ਸਾਰੇ ਗੁਰਦੁਆਰਾ ਸਾਹਿਬਾਨ ਵਿਚ ਦੁਹਰਾਈਆਂ ਜਾਂਦੀਆਂ ਹਨ, ਜਿਸ ਰਾਹੀਂ ਸਿੱਖ ਸੰਗਤਾਂ ਨੂੰ ਨਿਰੰਤਰ ਇਹ ਦ੍ਰਿੜ੍ਹ ਕਰਾਏ ਜਾਣ ਦੀ ਪ੍ਰਥਾ ਪਰਿਪੱਕ ਹੋ ਗਈ ਹੈ ਕਿ ਸਿੱਖਾਂ ਦਾ ਜੁਗੋ-ਜੁਗ ਅਟੱਲ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।

ਭਾਈ ਨੰਦ ਲਾਲ ਦੀ ਰਚਨਾ ਵਿਚੋਂ ਵੀ ਸਾਨੂੰ ਇਸੇ ਆਸ਼ੇ ਦੇ ਸੰਕੇਤ ਮਿਲਦੇ ਹਨ। ਭਾਈ ਸਾਹਿਬ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਗੁਰਸਿੱਖਾਂ ਦੀ ਰਹਿਤ ਬਾਰੇ ਪੁੱਛਿਆ ਗਿਆ, ਤਾਂ ਗੁਰੂ ਸਾਹਿਬ ਨੇ ਬਚਨ ਕੀਤਾ:-

ਸਾਬਕਾ ਵੀ.ਸੀ.ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਜੋ ਸਿੱਖ ਗੁਰ ਦਰਸ਼ਨ ਕੀ ਚਾਹਿ, ਦਰਸ਼ਨ ਕਰੇ ਗ੍ਰੰਥ ਜੀ ਆਹਿ।**
**ਜੋ ਮਮ ਸਾਥ ਚਾਹੇ ਕਰ ਬਾਤ। ਗ੍ਰੰਥ ਜੀ ਪੜ੍ਹੇ ਸੁਣੇ ਬਿਚਾਰੇ ਸਾਥ।।**
**ਜੋ ਮੁਝ ਬਚਨ ਸੁਣਨ ਕੀ ਚਾਇ।। ਗ੍ਰੰਥ ਜੀ ਪੜ੍ਹੇ ਸੁਣੇ ਚਿਤ ਲਾਇ।।**
**ਮੇਰਾ ਰੂਪ ਗ੍ਰੰਥ ਜੀ ਜਾਣ। ਇਸ ਮੇਂ ਭੇਦ ਨਹੀਂ ਕੁਝ ਮਾਨ।।**

ਬਹੁਤ ਸਾਰੀਆਂ ਹੋਰ ਇਤਿਹਾਸਕ ਲਿਖਤਾਂ ਵਿਚੋਂ ਵੀ ਸਾਨੂੰ ਇਹੋ ਜਿਹੇ ਹਵਾਲੇ ਮਿਲਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਲੂੰ ਸਦੀਵੀ ਤੌਰ ਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪਾਸੋਂ, ਗੁਰੂ ਵਾਲੀ ਸੇਧ ਲੈਣ ਦੇ ਆਦੇਸ਼ ਦਿੱਤੇ ਸਨ। ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਕਾ' ਮੁਤਾਬਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦੀ ਤਾਕੀਦ ਕੀਤੀ ਸੀ:

ਗਰੀਬ ਨਿਵਾਜ ਸਿੱਖ ਸੰਗਤ ਹੈ ਤੇਰੀ, ਇਸ ਦਾ ਕੀ ਹਵਾਲ।

ਬਚਨ ਕੀਤਾ, **ਗਰੰਥ ਹੈ ਗੁਰੂ, ਲੜ ਪਕੜੋ ਅਕਾਲ।**

ਮਹਿਮਾ ਪ੍ਰਕਾਸ਼ ਵਿਚ ਸਰੂਪ ਦਾਸ ਭੱਲਾ ਲਿਖਦਾ ਹੈ ਕਿ ਜਦੋਂ ਸਿੱਖਾਂ ਨੇ ਗੁਰਿਆਈ ਬਾਰੇ ਸੁਆਲ ਕੀਤਾ ਤਾਂ ਗੁਰੂ ਸਾਹਿਬ ਨੇ ਸਪੱਸ਼ਟ ਕੀਤਾ ਕਿ ਜਿਸ ਕਿਸੇ ਨੇ ਮੇਰੇ ਦਰਸ਼ਨ ਕਰਨੇ ਹੋਣ, ਉਹ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੇ:

ਤਬ ਸਿਖਾਂ ਨੇ ਪੂਛਾ ਜੋ ਅਬ ਦਰਸ਼ਨ ਕਹਾਂ ਕਰਹਿ। ਸਤਿਗੁਰ ਦੀਨ ਦਇਆਲ ਬਚਨ ਕੀਆ। ਜੋ ਦਸ ਸਰੂਪ ਹਮਾਰੈ ਪੂਰਨ ਭਏ। ਅਬ ਮੇਰੀ ਜਗਹ ਗੁਰੂ ਗਰੰਥ ਸਾਹਿਬ ਕੋ ਜਾਨਨਾ। ਜਿਸ ਨੇ ਮੇਰੀ ਸੇ ਬਾਤ ਕਰਨੀ ਹੋਇ ਤੇ ਆਦਿ ਗਰੰਥ ਸਾਹਿਬ ਕਾ ਪਾਠ ਕਰਨਾ। ਮੇਰੇ ਸੇ ਬਾਤ ਹੋਵੇਗੀ।

ਇਤਿਹਾਸਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸੰਕਲਨ, ਸੰਪਾਦਨ ਅਤੇ ਉਸ ਦਾ ਗੁਰਤਾ ਗੱਦੀ 'ਤੇ ਬਿਰਾਜਮਾਨ ਹੋਣਾ ਵੀ, ਇਤਿਹਾਸ ਵਿਚ ਤਰਤੀਬਵਾਰ ਵਾਪਰੇ ਇਕ ਖਾਸ ਘਟਨਾਕ੍ਰਮ 'ਚੋਂ ਗੁਜ਼ਰਿਆ ਹੈ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਿਆਈ ਦੇ ਦੌਰ ਵਿਚ ਬਹੁਤ ਸਾਰੇ ਇਹੋ ਜਿਹੇ ਕਾਰਜ ਕੀਤੇ ਜਿਹੜੇ ਰਹਿੰਦੀ ਦੁਨੀਆ ਤੱਕ ਹਮੇਸ਼ਾ ਯਾਦ ਰੱਖੇ ਜਾਣਗੇ। ਪਰ ਇਸ ਹਕੀਕਤ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਨੇ ਸਭ ਤੋਂ ਵੱਡਾ ਤੇ ਸਦੀਵੀਂ ਕੰਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰ ਕੇ ਕੀਤਾ ਸੀ। ਕਿਸੇ ਕੌਮ ਦੇ ਪੈਰੋਕਾਰਾਂ ਵਿਚਕਾਰ

ਖ਼ਿਆਲਾਂ ਦੀ ਸਾਂਝ ਲਈ, ਇਸ ਦੀ ਅਹਿਮ ਲੋੜ ਹੁੰਦੀ ਹੈ। ਮਹਿਮਾ ਪ੍ਰਕਾਸ਼ ਵਿਚ ਇਕ ਥਾਂ ਤੇ ਜ਼ਿਕਰ ਮਿਲਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੰਥ ਲਈ ਗ੍ਰੰਥ ਕਾਇਮ ਕਰਨਾ ਜ਼ਰੂਰੀ ਦੱਸਿਆ ਸੀ:-

**ਯਹ ਮਨ ਉਪਜੀ ਪ੍ਰਗਟਿਓ ਜਗ ਪੰਥ। ਤਿਹ ਕਾਰਨ ਕੀਜੈ ਅਬ ਗ੍ਰੰਥ।**

ਇਤਿਹਾਸ ਦੱਸਦਾ ਹੈ ਕਿ ਪ੍ਰਚਾਰ ਮੁਹਿੰਮ ਦੇ ਆਖ਼ਰੀ ਦੌਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਕਰੀਬਨ ਇਕ ਸਾਲ ਗੁਰਦਾਸਪੁਰ ਦੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਫਿਰ ਪ੍ਰਚਾਰ ਦਾ ਸਾਰਾ ਕੰਮ ਮੁਕਾਅ ਕੇ 1601 ਈਸਵੀ ਵਿਚ ਆਪ ਅੰਮ੍ਰਿਤਸਰ ਆ ਗਏ। ਅੰਮ੍ਰਿਤਸਰ ਪਹੁੰਚ ਕੇ ਗੁਰੂ ਸਾਹਿਬ ਨੇ ਸਾਰਾ ਧਿਆਨ ਬਾਣੀ ਦੇ ਸੰਕਲਨ ਵਿਚ ਲਾ ਦਿੱਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਕੰਮ ਮੁਕੰਮਲ ਕੀਤਾ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਮਹਾਂ ਕਵੀ ਸੰਤੋਖ ਸਿੰਘ ਨੇ ਬੜੇ ਵਿਸਤਾਰ ਨਾਲ ਬਾਣੀ ਦੇ ਸੰਗ੍ਰਹਿ ਆਦਿ ਗ੍ਰੰਥ ਦੇ ਸ੍ਰੀ ਹਰਿਮੰਦਰ ਸਾਹਿਬ ਵਿਚ ਪਹਿਲੀ ਵਾਰ ਪ੍ਰਕਾਸ਼ ਕੀਤੇ ਜਾਣ ਦੀ ਵੱਡੀ ਇਤਿਹਾਸਕ ਘਟਨਾ ਦਾ ਜ਼ਿਕਰ ਕੀਤਾ ਹੈ। ਰਚਨਾਕਾਰ ਮੁਤਾਬਕ ਬਾਬਾ ਬੁੱਢਾ ਜੀ ਨੇ ਗ੍ਰੰਥ ਨੂੰ ਸਿਰ ਤੇ ਚੁੱਕ ਲਿਆ ਸੀ ਅਤੇ ਗੁਰੂ ਅਰਜਨ ਪਾਤਸ਼ਾਹ ਨੇ ਚਵਰ ਕਰਨੀ ਸ਼ੁਰੂ ਕਰ ਦਿੱਤੀ ਸੀ। ਸ੍ਰੀ ਹਰਿਮੰਦਰ ਸਾਹਿਬ ਵਿਚ ਪਹੁੰਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਰਾਜਮਾਨ ਕਰ ਦਿੱਤਾ ਗਿਆ ਸੀ ਅਤੇ ਗੁਰੂ ਸਾਹਿਬ ਨੇ ਨੇੜੇ ਹੀ ਭੂਤਲ ਅਰਥਾਤ ਜ਼ਮੀਨ 'ਤੇ ਆਪਣਾ ਆਸਨ ਕਰ ਲਿਆ ਸੀ। ਕਦੇ-ਕਦਾਈ ਹੀ ਗੁਰੂ ਜੀ ਆਪਣੇ ਨਿਵਾਸ 'ਤੇ ਜਾਂਦੇ ਸਨ, ਨਹੀਂ ਤਾਂ ਬਹੁਤਾ ਸਮਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਰਹਿੰਦੇ ਸਨ:

**ਬੁੱਢੇ ਲੀਨ ਗ੍ਰੰਥ ਸਿਰ ਧਾਰੀ। ਚਵਰ ਕਰਹਿ ਗੁਰ ਵਾਰੰ ਵਾਰੀ। ਤਹਾਂ ਨਿਵਾਸ ਗ੍ਰਿੰਥ ਕੋ ਕੀਨੋ।**
**ਸ੍ਰੀ ਗੁਰ ਭੂਤਲ ਨਿਕਟ ਆਸੀਨੋ। ਕਬਿ ਕਬਿ ਸਦਨ ਆਪਣੇ ਜਾਹਿ। ਨਾਂਹਿ ਤਾਂ ਰਹੈ ਗ੍ਰਿੰਥ ਕੇ ਪਾਹਿ।**



ਫਿਰ ਸਮਾਂ ਪਾ ਕੇ, ਜਦੋਂ ਦਸਮ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਪ੍ਰਾਪਤ ਹੋਈ ਤਾਂ ਉਨ੍ਹਾਂ ਨੇ ਖ਼ਾਲਸਾ ਪੰਥ ਦੀ ਸਿਰਜਣਾ ਦਾ ਕਾਰਜ ਮੁਕੰਮਲ ਕਰਨ ਲਈ ਉਚੇਚੇ ਪ੍ਰੋਗਰਾਮ ਉਲੀਕੇ। ਇਹ ਵੀ ਉਨ੍ਹਾਂ ਨੇ ਆਪਣੇ ਮਨ ਵਿਚ ਸੰਕਲਪ ਕਰ ਲਿਆ ਕਿ ਉਨ੍ਹਾਂ ਤੋਂ ਬਾਅਦ ਗੁਰਿਆਈ ਦੀ ਗੱਦੀ 'ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਸ਼ੋਭਿਤ ਕੀਤਾ ਜਾਵੇਗਾ। ਇਸੇ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ, ਜਿਸ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਸੀ, ਉਸ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 116 ਸ਼ਬਦ ਤੇ ਸਲੋਕਾਂ ਨੂੰ ਜੋੜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਆਪਣੀ ਸਰਪ੍ਰਸਤੀ ਹੇਠਾਂ ਸ੍ਰੀ ਦਮਦਮਾ ਸਾਹਿਬ ਦੇ ਮੁਕਾਮ ਤੇ ਨਵੇਂ ਸਿਰਿਓਂ ਬੀੜ ਤਿਆਰ ਕਰਵਾਈ ਅਤੇ ਇਸ ਦਮਦਮੀ ਬੀੜ ਨੂੰ ਗੁਰਿਆਈ ਦੀ ਗੱਦੀ ਉਪਰ ਬਿਰਾਜਮਾਨ ਕੀਤਾ ਗਿਆ।

ਗੁਰੂ-ਪਦ ਪ੍ਰਾਪਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸ਼ੇਸ਼ ਰੁਤਬੇ ਕਾਰਨ ਹੀ ਉਸ ਦੇ ਰਖ-ਰਖਾਵ, ਸਾਂਭ-ਸੰਭਾਲ ਲਈ ਉਚੇਚੀ ਮਰਿਆਦਾ ਨਿਸ਼ਚਿਤ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਚੇਰੇ ਤਖ਼ਤ ਉਤੇ ਬਿਰਾਜਮਾਨ ਕਰਨਾ, ਉਪਰ ਚੰਦੋਆ ਤਾਨਣਾ, ਚਵਰ ਕਰਨਾ, ਸੁੰਦਰ ਪੁਸ਼ਾਕਾ ਪਹਿਨਾਉਣਾ ਇਸ ਵਿਸ਼ੇਸ਼ ਉਚੇਚੀ ਮਰਿਆਦਾ ਦੇ ਅੰਗ ਹਨ। ਫਿਰ ਅੰਮ੍ਰਿਤ ਵੇਲੇ ਪ੍ਰਕਾਸ਼ ਕਰਨਾ ਅਤੇ ਰਾਤ ਨੂੰ ਸੁਖਾਸਨ ਲਈ ਵਿਸ਼ੇਸ਼ ਇੰਤਜ਼ਾਮ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਦੀਵਾਨ ਲਾਉਣਾ, ਕੀਰਤਨ ਗਾਇਨ ਕਰਨਾ, ਸਨਮੁਖ ਖੜ੍ਹੇ ਹੋ ਕੇ ਅਰਦਾਸ ਕਰਨਾ ਅਤੇ ਮੁਖਵਾਕ ਲੈਣਾ, ਧਰਮ ਗ੍ਰੰਥਾਂ ਦੀ ਪਰੰਪਰਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ ਨੂੰ ਦਰਸਾਉਂਦਾ ਹੈ।

ਆਖ਼ਰ ਵਿਚ ਇਕ ਹੋਰ ਅਹਿਮ ਨੁਕਤਾ ਸਾਂਝਾ ਕਰਨਾ ਚਾਹੁੰਦਾ ਹਾਂ। ਦਸਾਂ ਪਾਤਸ਼ਾਹੀਆਂ ਦੀ ਜੋਤਿ, ਗੁਰਿਆਈ ਦੇ ਤਖ਼ਤ ਤੇ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਅਦੁੱਤੀ ਧਰਮ-ਗ੍ਰੰਥ ਹੈ, ਜਿਸ ਪਾਸੋਂ ਦੁਨੀਆ ਦਾ ਹਰ ਮਨੁੱਖ ਦੁਨਿਆਵੀ ਅਤੇ ਰੂਹਾਨੀ ਸਰਪ੍ਰਸਤੀ ਹਾਸਲ ਕਰ ਸਕਦਾ ਹੈ।ਮਜ਼ਹਬਾਂ ਦੇ ਤਫ਼ਰਕਿਆਂ ਅਤੇ ਮਨੁੱਖ-ਮਨੁੱਖ ਵਿਚਕਾਰ ਭੇਦ ਕਰਨ ਵਾਲੇ ਹਰ ਬੰਧਨ ਤੋਂ ਮੁਕਤ, ਸਮੁੱਚੀ ਮਨੁੱਖਤਾ ਦੀ ਸਾਂਝੀ ਵਿਰਾਸਤ ਹੈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਪਰਵਾਹ ਅੱਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਚਨਕਾਰਾਂ ਦਾ ਘੇਰਾ ਵੀ ਬਹੁਤ ਵੱਡਾ ਹੈ। ਛੇ ਗੁਰੂ ਸਾਹਿਬਾਨ ਤੋਂ ਇਲਾਵਾ 15 ਭਗਤਾਂ ਤੇ 15 ਮਹਾਂਪੁਰਸ਼ਾਂ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ। ਦਰਅਸਲ, ਕਿਸੇ ਵੀ ਮਜ਼ਹਬ, ਭਾਸ਼ਾ, ਜਾਤੀ, ਪ੍ਰਾਂਤ ਨਾਲ ਸੰਬੰਧ ਰੱਖਣ ਵਾਲਾ ਬਾਣੀ ਦਾ ਰਚਨਾਕਾਰ ਹੋ ਸਕਦਾ ਹੈ। ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ.ਰਾਧਾ ਕ੍ਰਿਸ਼ਨ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਅਤੇ ਉਸ ਵਿਚ ਸਮੋਈ ਲਾਸਾਨੀ ਸਾਂਝੀਵਾਲਤਾ ਦਾ ਜ਼ਿਕਰ ਕਰਨਾ ਇਹ ਕਥਨ ਵੱਡੇ ਮਹੱਤਵ ਵਾਲਾ ਹੈ। ਉਨ੍ਹਾਂ ਦਾ ਕਹਿਣਾ ਹੈ ਉਸ ਸਦੀਵੀ ਸੱਚ ਦੀ ਆਵਾਜ਼ ਜਿਸ ਨੂੰ ਆਦਿ ਗ੍ਰੰਥ ਦੀ ਵੇਦਨਾ ਦੀ ਨਿਰਮਲਤਾ ਅਤੇ ਸ਼ਰਧਾ ਦੀ ਤੀਬਰਤਾ ਨੇ ਸ਼ਿੰਗਾਰਿਆ ਹੈ, ਅੱਗੇ ਸਾਗਰਾਂ ਦੀਆ ਵਿੱਥਾਂ ਤੇ ਪਹਾੜਾਂ ਦੀਆਂ ਰੋਕਾਂ ਰਾਹ ਖੋਲ੍ਹ ਦੇਣਗੀਆਂ।

**ਸਾਬਕਾ ਉਪ ਕੁਲਪਤੀ**
ਪੰਜਾਬੀ ਯੂਨੀਵਰਸਿਟੀ, ਪਟਿਆਲਾ।





## ਦੀਵਾਨ ਦੇ ਪ੍ਰਾਇਮਰੀ ਸਕੂਲਾਂ ਦਾ 21ਵਾਂ ਸਟੇਟ ਲੇਵਲ ਟੂਰਨਾਮੈਂਟ 2022-23 ਖੇਡਾਂ ਦਾ ਸਮਾਪਤੀ ਸਮਾਰੋਹ
## ਸਰੀਰਕ ਊਰਜਾ ਅਤੇ ਦਿਮਾਗੀ ਤੰਦਰੁਸਤੀ ਲਈ ਖੇਡਾਂ ਜ਼ਰੂਰੀ ਹਨ - ਡਾ. ਨਿੱਜਰ
## ਦੀਵਾਨ ਸਿੱਖੀ-ਸਿੱਖਿਆ ਨਾਲ ਖੇਡਾਂ ਨੂੰ ਵੀ ਉਤਸ਼ਾਹਿਤ ਕਰਦਾ ਹੈ - ਸ੍ਰ. ਕੱਥੂਨੰਗਲ





ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਇੰਟਰਨੈਸ਼ਨਲ ਸਕੂਲ, ਰਣਜੀਤ ਐਵੀਨਿਊ ਵਿਖੇ 21ਵਾਂ ਸਟੇਟ ਲੇਵਲ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਜ਼ ਟੂਰਨਾਮੈਂਟ 2022-23 (ਦੋ ਦਿਨਾਂ ਪ੍ਰਾਈਮਰੀ ਖੇਡਾਂ) ਦੇ ਸਮਾਪਤੀ ਸਮਾਰੋਹ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਨੇ ਮੁੱਖ ਮਹਿਮਾਨ ਵਜੋਂ ਸਿਰਕਤ ਕੀਤੀ। ਸਕੂਲ ਮੈਂਬਰ ਇੰਚਾਰਜ ਸ੍ਰ.ਨਵਤੇਜ ਸਿੰਘ ਨਾਰੰਗ, ਸ੍ਰ.ਹਰਨੀਤ ਸਿੰਘ, ਸ੍ਰ.ਹਰਿੰਦਰਪਾਲ ਸਿੰਘ ਸੇਠੀ ਅਤੇ ਪ੍ਰਿੰਸੀਪਲ ਰਿਪੁਦਮਨ ਕੌਰ ਨੇ ਆਏ ਮਹਿਮਾਨਾਂ ਦਾ ਸੁਆਗਤ ਕੀਤਾ। ਇਸ ਮੌਕੇ ਪ੍ਰਧਾਨ ਡਾ.ਨਿੱਜਰ ਨੇ ਕਿਹਾ ਕਿ ਵਿਦਿਆਰਥੀ ਜੀਵਨ ਵਿਚ ਪੜ੍ਹਾਈ ਦੇ ਨਾਲ-ਨਾਲ ਚੰਗੀ ਸਿਹਤ, ਸਰੀਰਕ ਊਰਜਾ ਅਤੇ ਦਿਮਾਗੀ ਤੰਦਰੁਸਤੀ ਲਈ ਖੇਡਾਂ ਬਹੁਤ ਜ਼ਰੂਰੀ ਹਨ ਅਤੇ ਖੇਡਾਂ ਐਜੂਕੇਸ਼ਨ ਸਿਸਟਮ ਦਾ ਅਨਿਖੜ੍ਹਵਾਂ ਅੰਗ ਹੋਣੀਆਂ ਚਾਹੀਦੀਆਂ ਹਨ। ਉਹਨਾਂ ਨੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਜਿਥੇ ਸਿੱਖੀ ਅਤੇ ਸਿੱਖਿਆ ਪ੍ਰਤੀ ਤੱਤਪਰ ਹੋ ਕੇ ਕੰਮ ਕਰ ਰਿਹਾ ਹੈ ਉਥੇ ਸੀ.ਕੇ.ਡੀ ਸਕੂਲਾਂ ਵਿਚ ਵਿਦਿਆਰਥੀਆਂ ਦਾ ਖੇਡਾਂ ਪ੍ਰਤੀ ਰੁਝਾਨ ਅਤੇ ਖੇਡਾਂ ਦੇ ਵਿਕਾਸ ਲਈ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਸਥਾਨਕ ਪ੍ਰਧਾਨ ਅਤੇ ਕਨਵੀਨਰ ਸ੍ਰ.ਸੰਤੋਖ ਸਿੰਘ ਸੇਠੀ ਅਤੇ ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਡਾ.ਸਰਬਜੀਤ ਸਿੰਘ ਛੀਨਾ ਨੇ ਪ੍ਰਾਇਮਰੀ ਖੇਡਾਂ ਦਾ ਨਤੀਜਾ ਐਲਾਨਦਿਆਂ ਦੱਸਿਆ ਕਿ ਇਹਨਾਂ ਖੇਡਾਂ ਵਿਚ ਭਾਗ ਲੈ ਰਹੇ 12 ਸ਼ਹਿਰੀ ਸਕੂਲਾਂ ਵਿਚੋਂ ਪਹਿਲਾਂ ਸਥਾਨ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈਕ:ਪਬਲਿਕ ਸਕੂਲ ਜੀ.ਟੀ.ਰੋਡ, ਦੂਸਰਾ ਸਥਾਨ ਤਰਨਤਾਰਨ ਸਕੂਲ ਬ੍ਰਾਚ, ਤੀਸਰਾ ਸਥਾਨ ਮਜੀਠਾ ਰੋਡ ਬਾਈਪਾਸ ਸਕੂਲ ਬ੍ਰਾਂਚ ਨੇ ਪ੍ਰਾਪਤ ਕੀਤਾ ਅਤੇ ਪਿੰਡਾਂ ਦੇ 22 ਸਕੂਲਾਂ ਵਿਚੋ ਪਹਿਲਾਂ ਸਥਾਨ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਆਂਸਰ ਉਤਾਰ ਨੇ ਦੂਸਰਾ ਸਥਾਨ ਝਬਾਲ ਨੇ ਤੀਸਰਾ ਸਥਾਨ ਸਹਿਸਰਾਂ ਨੇ ਹਾਸਿਲ ਕੀਤਾ। ਪ੍ਰੋਗਰਾਮ ਦੌਰਾਨ ਜੇਤੂ ਟੀਮਾਂ ਨੂੰ ਮੁੱਖ ਮਹਿਮਾਨ ਨੇ ਟਰਾਫੀਆਂ ਦੇ ਕੇ ਉਹਨਾਂ ਦੀ ਹੌਸਲਾ ਹਫਜਾਈ ਕੀਤੀ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਸਥਾਨਕ ਪ੍ਰਧਾਨ ਅਤੇ ਖੇਡਾਂ ਦੇ ਕਨਵੀਨਰ ਸ੍ਰ.ਸੰਤੋਖ ਸਿੰਘ ਸੇਠੀ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਡਾ.ਸਰਬਜੀਤ ਸਿੰਘ ਛੀਨਾ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਡਾਇਰੈਕਟਰ ਸੋਪਰਟਸ ਮੈਡਮ ਅੰਮ੍ਰਿਤਪਾਲ ਕੌਰ ਅਤੇ ਹੋਰਨਾਂ ਮੈਂਬਰ ਸਾਹਿਬਾਨ ਨੇ ਜੇਤੂ ਵਿਦਿਆਰਥੀਆਂ ਅਤੇ ਖੇਡ ਅਧਿਆਪਕਾਂ ਨੂੰ ਵਧਾਈ ਦਿੰਦੀਆਂ ਹੋਰਨਾਂ ਨੂੰ ਅਣਥਕ ਮਿਹਨਤ ਅਤੇ ਲਗਨ ਨਾਲ ਸਫ਼ਲਤਾ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਸਥਾਨਕ ਪ੍ਰਧਾਨ ਅਤੇ ਖੇਡਾਂ ਦੇ ਕਨਵੀਨਰ ਸ੍ਰ.ਸੰਤੋਖ ਸਿੰਘ ਸੇਠੀ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਡਾ.ਸਰਬਜੀਤ ਸਿੰਘ ਛੀਨਾ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਸਕੂਲ ਮੈਂਬਰ ਇੰਚਾਰਜ ਸ੍ਰ.ਨਵਤੇਜ ਸਿੰਘ ਨਾਰੰਗ, ਸ੍ਰ.ਹਰਨੀਤ ਸਿੰਘ, ਸ੍ਰ.ਹਰਿੰਦਰਪਾਲ ਸਿੰਘ ਸੇਠੀ, ਡਾਇਰੈਕਟਰ ਸਪੋਰਟਸ ਮੈਡਮ ਅੰਮ੍ਰਿਤਪਾਲ ਕੌਰ, ਪ੍ਰਿੰਸੀਪਲ ਮੈਡਮ ਰਿਪੁਦਮਨ ਕੌਰ ਆਦਿ ਹਾਜ਼ਰ ਸਨ। ਇਸ ਤੋਂ ਪਹਿਲਾਂ ਇਨ੍ਹਾਂ ਖੇਡਾਂ ਦੀ ਆਰੰਭਤਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ, ਜੀ.ਟੀ.ਰੋਡ ਵਿਖੇ ਹੋਈ ਜਿਥੇ ਕਾਰਪੋਰੇਸ਼ਨ ਦੇ ਮੇਅਰ ਸ੍ਰ.ਕਰਮਜੀਤ ਸਿੰਘ ਰਿੰਟੂ ਮੁੱਖ ਮਹਿਮਾਨ ਵਜੋਂ ਪੁੱਜੇ ਜਿੰਨਾਂ ਵੱਲੋਂ ਰਸਮੀ ਤੌਰ ਤੇ ਟੂਰਨਾਮੈਂਟ ਦੀ ਆਰੰਭਤਾ ਦਾ ਐਲਾਨ ਕੀਤਾ ਗਿਆ ਅਤੇ ਅਸਮਾਨ ਵਿੱਚ ਗੁਬਾਰੇ ਉਡਾ ਕੇ ਖੇਡਾਂ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਧਰਮਪ੍ਰਚਾਰ ਕਮੇਟੀ ਦੇ ਚੇਅਰਮੈਨ ਅਤੇ ਸਕੂਲ ਮੈਂਬਰ ਇੰਚਾਰਜ ਪ੍ਰੋ.ਹਰੀ ਸਿੰਘ ਵੱਲੋਂ ਆਏ ਮਹਿਮਾਨਾਂ ਦਾ ਸੁਆਗਤ ਕੀਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਵੱਲੋਂ ਟੂਰਨਾਮੈਂਟ ਦੇ ਉਦਘਾਟਨ ਤੇ ਵਧਾਈ ਅਤੇ ਖਿਡਾਰੀਆਂ ਨੂੰ ਮਿਹਨਤ ਅਤੇ ਲਗਨ ਨਾਲ ਖੇਡਣ ਲਈ ਪ੍ਰੇਰਦਿਆਂ ਸ਼ੁਭਇੱਛਾਵਾਂ ਦਾ ਸੰਦੇਸ਼ ਭੇਜਿਆ ਗਿਆ। ਇਸ ਸਮੇਂ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਦੱਸਦੇ ਹੋਏ ਪੂਰੀ ਤਨਦੇਹੀ ਅਤੇ ਜੋਸ਼ ਨਾਲ ਖੇਡਣ ਲਈ ਆਸ਼ੀਰਵਾਦ ਦਿੱਤਾ ਅਤੇ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਿੱਖੀ-ਸਿੱਖਿਆ ਦੇ ਨਾਲ-ਨਾਲ ਹੋਰਨਾਂ ਗਤੀਵਿਧੀਆਂ ਅਤੇ ਲੋਕ ਭਲਾਈ ਉਦੇਸ਼ਾਂ ਤੇ ਚਾਨਣਾ ਪਾਇਆ।










## ਸੀ.ਆਈ.ਐਸ.ਸੀ.ਈ ਨੈਸ਼ਨਲ ਸ਼ਤਰੰਜ ਟੂਰਨਾਮੈਂਟ 2022 ਦਾ ਸਮਾਪਨ-ਸਮਾਰੋਹ
## ਡਾ.ਨਿੱਜਰ ਨੇ ਖਿਡਾਰੀਆਂ ਨੂੰ ਜਾਗਰੂਕ ਕਰਦਿਆਂ ਕੀਤੀ ਪ੍ਰਸੰਸਾ






ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਬਸੰਤ ਐਵੀਨਿਊ ਵਿਖੇ ਚਲ ਰਹੇ ਸੀ.ਆਈ.ਐਸ.ਸੀ.ਈ ਨੈਸ਼ਨਲ ਸ਼ਤਰੰਜ ਟੂਰਨਾਮੈਂਟ 2022 ਦਾ ਸਮਾਪਨ ਸਮਾਰੋਹ ਆਯੋਜਿਤ ਕੀਤਾ ਗਿਆ ਜਿਸ ਵਿਚ ਪੰਜਾਬ ਕੈਬਨਿਟ ਮੰਤਰੀ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਦੇ ਮੁੱਖ ਮਹਿਮਾਨ ਵਜੋਂ ਪੁੱਜੇ ਅਤੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਐਡੀ:ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ ਅਤੇ ਮੈਂਬਰ ਇੰਚਾਰਜ ਮੁੱਖ ਦਫ਼ਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸਿਰਕਤ ਕੀਤੀ। ਇਸ ਮੌਕੇ ਸਕੂਲ ਮੈਂਬਰ ਇੰਚਾਰਜ ਸ੍ਰੀਮਤੀ ਰਮਿੰਦਰ ਕੌਰ ਨੇ ਆਏ ਮਹਿਮਾਨਾਂ ਦਾ ਨਿੱਘਾ ਸੁਆਗਤ ਕੀਤਾ। ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਖਿਡਾਰੀਆਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਦੇ ਹੋਏ ਵਿਦਿਆਰਥੀਆਂ ਦੀ ਸ਼ਲਾਘਾਯੋਗ ਪੇਸ਼ਕਸ਼ ਦੀ ਪ੍ਰਸੰਸਾ ਕੀਤੀ ਅਤੇ ਖਿਡਾਰੀਆਂ ਨੂੰ ਆਪਣੇ ਆਸ਼ਰੀਵਾਦ ਨਾਲ ਨਿਵਾਜਿਆ। ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਹੋਰਨਾਂ ਨੂੰ ਵੀ ਜੋਸ਼ ਅਤੇ ਉਤਸ਼ਾਹ ਨਾਲ ਅਗਾਂਹ ਵੱਧਣ ਦੀ ਪ੍ਰੇਰਣਾ ਦਿੱਤੀ। ਟੂਰਨਾਮੈਂਟ ਦੇ ਨਿਰੀਖਕ ਸ੍ਰੀਮਤੀ ਸੰਗੀਤਾਂ ਭਾਟੀਆ ਨੇ ਬੱਚਿਆਂ ਦੀ ਇਮਾਨਦਾਰੀ ਅਤੇ ਕਾਬਲੀਅਤ ਦੀ ਖ਼ੂਬ ਪ੍ਰੰਸਸਾ ਕੀਤੀ। ਨਤੀਜਿਆਂ ਮੁਤਾਬਿਕ ਇਸ ਟੂਰਨਾਮੈਂਟ ਵਿਚ ਲੜਕਿਆਂ ਦੀ ਸ੍ਰੇਣੀ ਵਿੱਚ ਅੰਡਰ-14 ਹੇਠ ਤਾਮਿਲਨਾਡੂ, ਅੰਡਰ-17 ਹੇਠ ਵੈਸਟ ਬੰਗਾਲ ਅਤੇ ਨਾਰਥ ਈਸਟ, ਅੰਡਰ-19 ਵਿਚ ਯੂ.ਪੀ ਅਤੇ ਉਤਰਾਖੰਡ ਪਹਿਲੇ ਸਥਾਨ ਤੇ ਰਹੇ। ਇਸ ਤਰ੍ਹਾਂ ਲੜਕੀਆਂ ਦੀ ਸ੍ਰੇਣੀ ਵਿਚ ਅੰਡਰ-14 ਹੇਠ ਮਹਾਰਾਸ਼ਟਰ ਅਤੇ ਗੋਆ, ਅੰਡਰ-17 ਹੇਠ ਯੂ.ਪੀ. ਅਤੇ ਉਤਾਰਾਖੰਡ, ਅੰਡਰ-19 ਦੀ ਸ੍ਰੇਣੀ ਵਿਚ ਬਿਹਾਰ ਅਤੇ ਝਾਰਖੰਡ ਨੇ ਪਹਿਲਾਂ ਸਥਾਨ ਪ੍ਰਾਪਤ ਕੀਤਾ। ਸਮਾਗਮ ਵਿਚ ਮੁੱਖ ਮਹਿਮਾਨ ਵੱਲੋਂ ਨੈਸ਼ਨਲ ਸ਼ਤਰੰਜ ਟੂਰਨਾਮੈਂਟ ਦੌਰਾਨ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਦੀਆਂ ਜੇਤੂ ਟੀਮਾਂ ਨੂੰ ਇਨਾਮ ਵੰਡੇ ਗਏ ਅਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਪ੍ਰਿੰਸੀਪਲ ਸ੍ਰੀਮਤੀ ਨਿਰਮਲ ਕੌਰ ਨੇ ਆਏ ਹੋਏ ਮਹਿਮਾਨਾਂ ਅਤੇ ਪਤਵੰਤੇ ਸੱਜਣਾ, ਸੀ.ਕੇ.ਡੀ ਸਕੂਲਜ਼ ਪ੍ਰਿੰਸੀਪਲਜ਼, ਖੇਡ ਟੀਮਾਂ, ਕੋਚ, ਅਧਿਆਪਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਅੰਤ ਮੁੱਖ ਮਹਿਮਾਨ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਨੇ ਟੂਰਨਾਮੈਂਟ ਦੀ ਸਮਾਪਤੀ ਦਾ ਐਲਾਨ ਕੀਤਾ। ਇਸ ਮੌਕੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ , ਸਥਾਨਕ ਪ੍ਰਧਾਲ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਐਡੀ.ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਜੁਆਇੰਟ ਸਕੱਤਰ ਇੰਜੀ.ਜਸਪਾਲ ਸਿੰਘ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ.ਦੀਪਕਰਨ ਸਿੰਘ ਰੰਧਾਵਾ, ਸ੍ਰ.ਪ੍ਰਦੀਪ ਸਿੰਘ ਵਾਲੀਆ, ਸ੍ਰ.ਮਨਮੋਹਨ ਸਿੰਘ, ਸੀ.ਕੇ.ਡੀ ਸਕੂਲਜ਼ ਪ੍ਰਿੰਸੀਪਲਜ਼, ਖੇਡ ਟੀਮਾਂ, ਕੋਚ, ਅਧਿਆਪਕ ਹਾਜ਼ਰ ਸਨ।

## ਦੀਵਾਨ ਦੇ ਸਕੂਲਾਂ ਦਾ ਸੂਬਾ ਪੱਧਰੀ 21ਵੇ ਤਿੰਨ ਰੋਜ਼ਾਂ ਐਥਲੈਟਿਕ ਮੀਟ ਤਰਨਤਾਰਨ ਸਕੂਲ ਵਿਖੇ ਆਰੰਭ



ਚੀਫ਼ ਖ਼ਾਲਸਾ ਦੀਵਾਨ ਦੀ ਸੁਯੋਗ ਰਹਿਨੁਮਾਈ ਹੇਠ ਚੱਲ ਰਹੇ ਸਕੂਲਾਂ ਦੀ 21ਵੀ ਸੂਬਾ ਪੱਧਰੀ ਤਿੰਨ ਰੋਜ਼ਾ ਐਥਲੈਟਿਕ ਮੀਟ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨਤਾਰਨ ਵਿਖੇ ਆਰੰਪ ਹੋਈ ਜਿਸ ਵਿਚ ਮੁੱਖ ਮਹਿਮਾਨ ਦੇ ਤੌਰ ਤੇ ਡਿਪਟੀ ਕਮਿਸ਼ਨਰ ਤਰਨਤਾਰਲ ਸ੍ਰੀ ਮੁਨੀਸ਼ ਕੁਮਾਰ ਨੇ ਸ਼ਿਰਕਤ ਕੀਤੀ। ਉਹਨਾਂ ਦਾ ਸੁਆਗਤ ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰ ਸ੍ਰ.ਹਰਜੀਤ ਸਿੰਘ ਅਤੇ ਸ੍ਰ.ਗੁਰਿੰਦਰ ਸਿੰਘ, ਆਨਰੇਰੀ ਸੈਕਟਰੀ ਸ੍ਰ.ਮਨਜੀਤ ਸਿੰਘ, ਮੈਂਬਰ ਆਰਗੇਨਾਈਜ਼ਿੰਗ ਕਮੇਟੀ ਸ੍ਰ.ਪਰਮਜੀਤ ਸਿੰਘ ਅਹੂਜਾ ਅਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਣਜੀਤ ਕੌਰ ਭਾਟੀਆ ਨੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਸ੍ਰ.ਸੰਤੋਖ ਸਿੰਘ ਜੀ ਐਡੀਸ਼ਨਲ ਆਨਰੇਰੀ ਸੈਕਟਰੀ ਐਜੂਕੇਸ਼ਨ ਕਮੇਟੀ, ਧਰਮ ਪ੍ਰਚਾਰ ਕਮੇਟੀ ਚੇਅਰਮੈਨ ਪ੍ਰੋ.ਹਰੀ ਸਿੰਘ, ਡਾਇਰੈਕਟਰ ਐਜੂਕੇਸ਼ਨ ਡਾ.ਧਰਮਵੀਰ ਸਿੰਘ, ਸ੍ਰ.ਪਰਮਜੀਤ ਸਿੰਘ ਅਹੂਜਾ, ਡਾਇਰੈਕਟਰ ਸਪੋਰਟਸ ਸ੍ਰੀਮਤੀ ਅੰਮ੍ਰਿਤਪਾਲ ਕੌਰ, ਸ੍ਰ.ਜਸਮੀਤ ਸਿੰਘ, ਸ੍ਰ.ਬਲਦੇਵ ਸਿੰਘ, ਸ੍ਰ.ਹਰਜਿੰਦਰ ਸਿੰਘ, ਸ੍ਰ.ਜਸਬੀਰ ਸਿੰਘ, ਸ੍ਰ.ਗੁਰਬੀਰ ਸਿੰਘ ਉਚੇਚੇ ਤੌਰ ਤੇ ਸ਼ਾਮਿਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਅਤੇ ਆਏ ਹੋਏ ਵਿਸ਼ੇਸ਼ ਮਹਿਮਾਨਾਂ ਵਲੋਂ ਖੇਡਾਂ ਦਾ ਝੰਡਾ ਲਹਿਰਾ ਕੇ ਅਤੇ ਗੁਬਾਰੇ ਛੱਡ ਕੇ ਕੀਤਾ ਗਿਆ। ਟੀਮਾਂ ਦੀ ਮਾਰਚ ਪਾਸਟਸ ਤੋਂ ਬਾਅਦ ਟੀਮਾਂ ਵੱਲੋਂ ਸੰਹੁ ਚੁੱਕਣ ਦੀ ਰਸਮ ਅਦਾ ਕੀਤੀ ਗਈ ਅਤੇ ਨੈਸ਼ਨਲ ਖਿਡਾਰੀਆਂ ਵਲੋਂ ਮਸ਼ਾਲ ਜਗਾਈ ਗਈ। ਸਕੂਲ ਦੇ ਪ੍ਰਿੰਸੀਪਲ ਨੇ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੇ ਅਹੁਦੇਦਾਰਾਂ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਸਕੂਲ ਰਿਪੋਰਟ ਪੜੀ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਹਰਜੀਤ ਸਿੰਘ ਵੱਲੋਂ ਆਪਦੇ ਸੁਆਗਤੀ ਭਾਸ਼ਣ ਵਿਚ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਖੇਡਾਂ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਗਿਆ ਅਤੇ ਕਿਹਾ ਕਿ ਖੇਡਾਂ ਜਿਥੇ ਖਿਡਾਰੀਆਂ ਦੀ ਸਰੀਰਕ ਤੰਦਰੁਸਤੀ ਵਧਾਉਂਦਿਆਂ ਹਨ ਉਥੇ ਨਾਲ ਹੀ ਮਾਨਸਿਕ ਤੰਦਰੁਸਤੀ ਲਈ ਵੀ ਲਾਹੇਵੰਦ ਹਨ। ਇਸ ਮੀਟ ਵਿਚ ਲਗਭਗ ਤੀਹ ਸਕੂਲਾਂ ਦੇ ਖਿਡਾਰੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ। ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਪ੍ਰਧਾਨ ਸ੍ਰ.ਹਰਜੀਤ ਸਿੰਘ ਅਤੇ ਮੀਤ ਪ੍ਰਘਾਨ ਸ੍ਰ.ਗੁਰਿੰਦਰ ਸਿੰਘ ਅਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਣਜੀਤ ਕੌਰ ਭਾਟੀਆ ਨੇ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।





## ਭਗਤਾਂ ਵਾਲਾ ਸਕੂਲ ਪੁੱਜਣ ਤੇ ਦੀਵਾਨ ਦੇ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ
## ਚੌਥੀ ਪਾਤਸ਼ਾਹੀ ਦੇ ਪ੍ਰਕਾਸ਼ ਪੁਰਬ ਸਮੇਂ ਨਗਰ-ਕੀਰਤਨ ਦਾ ਭਰਵਾ ਸੁਆਗਤ





ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਭਗਤਾਂਵਾਲਾ ਦੀ ਮੈਨੇਜਮੈਂਟ, ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮੇਂ ਹਰ ਸਾਲ ਦੀ ਤਰ੍ਹਾਂ ਇਕ ਦਿਨ ਪਹਿਲਾਂ ਇਕ ਵਿਸ਼ਾਲ ਨਗਰ-ਕੀਰਤਨ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋ ਕੇ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਦੇ ਗੇਟਾਂ ਤੋਂ ਬਾਹਰਵਾਰ ਲੰਗਦਾ ਹੋਇਆ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਾ ਕੇ ਸੰਪੂਰਨ ਹੁੰਦਾ ਹੈ ਉਹ ਜਿਸ ਸਮੇਂ ਭਗਤਾਂ ਵਾਲੇ ਸਕੂਲ ਦੇ ਸਾਹਮਣੇ ਪੁੱਜਾ ਤਾਂ ਉਸਦਾ ਦੀਵਾਨ ਵਲੋਂ ਹਾਰਦਿਕ ਸੁਆਗਤ ਕੀਤਾ ਗਿਆ। ਇਸ ਅਵਸਰ ਤੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਮੁੱਖ ਦਫ਼ਤਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਆਨਰੇਰੀ ਐਡੀ.ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਸ੍ਰ.ਨਵਤੇਜ਼ ਸਿੰਘ ਨਾਰੰਗ, ਸ੍ਰ.ਅਮਰਦੀਪ ਸਿੰਘ ਮਰਵਾਹਾ, ਸ੍ਰ.ਸਰਜੋਤ ਸਿੰਘ, ਸ੍ਰ.ਪ੍ਰਦੀਪ ਸਿੰਘ ਵਾਲੀਆ, ਸ੍ਰ.ਹਰਵਿੰਦਰਪਾਲ ਸਿੰਘ ਚੁੱਘ, ਸ੍ਰ.ਦਰਸ਼ਨ ਸਿੰਘ ਸੁਲਤਾਨਵਿੰਡ, ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਸਰਬਜੋਤ ਸਿੰਘ ਅਤੇ ਪ੍ਰਿੰਸੀਪਲ ਸ੍ਰੀਮਤੀ ਜਸਪਾਲ ਕੌਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਨਿਕਲ ਰਹੇ ਨਗਰ-ਕੀਰਤਨ ਦਾ ਫੁੱਲਾਂ ਦੀ ਵਰਖਾ ਕਰਕੇ ਨਿੱਘਾ ਸੁਆਗਤ ਕਰਦਿਆਂ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਸਮੇਂ ਸਕੂਲ ਦੇ ਵਿਦਿਆਰਥੀਆਂ ਨੇ ਰੰਸਭਿੰਨਾ ਕੀਰਤਨ ਕਰਦਿਆਂ ਅਤੇ ਬੈਂਡ ਟੀਮ ਨੇ ਆਪਣੇ ਸੁੰਦਰ ਪੇਸ਼ਕਾਰੀ ਨਾਲ ਗੁਰੂ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

## ਦੀਵਾਨ ਵਲੋਂ ਬਟਾਲੇ ਵਿਚ ਉੱਚ ਮਿਆਰੀ ਸਿੱਖਿਆ ਵਾਲਾ ਨਵਾਂ ਸਕੂਲ ਖੋਲਣ ਦਾ ਫੈਸਲਾ
## 2023 ਤੋਂ 12ਵੀਂ ਜਮਾਤ ਤੱਕ ਨਵੇਂ ਦਾਖਲੇ ਲਈ ਲੋੜੀਂਦੇ ਪ੍ਰਬੰਧ ਆਰੰਭ



ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਪੰਜਾਬ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਨੇ ਇਲਾਕੇ ਦੇ ਲੋਕਾਂ ਦੀ ਪੁਰਜ਼ੋਰ ਮੰਗ ਦੇ ਸਨਮੁੱਖ ਬਟਾਲੇ ਵਿਚ ਨਵਾਂ ਉੱਚ ਮਿਆਰੀ ਸਿੱਖਿਆ ਪ੍ਰਦਾਨ ਕਰਨ ਵਾਲਾ ਸਕੂਲ ਖੋਲਣ ਦਾ ਫੈਸਲਾ ਕੀਤਾ ਹੈ। ਦੀਵਾਨ ਦੀ ਅੰਤ੍ਰਿੰਗ ਕਮੇਟੀ ਤੋਂ ਮਿਲੀ ਪ੍ਰਵਾਨਗੀ ਉਪਰੰਤ ਪੁੱਡਾ ਪਾਸੋਂ ਬੋਲੀ ਰਾਹੀਂ ਪ੍ਰਾਪਤ ਕੀਤੀ ਲੋੜੀਂਦੀ 2 ਏਕੜ ਜ਼ਮੀਨ ਤੇ ਕੰਮ ਸ਼ੁਰੂ ਕਰਨ ਲਈ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਐਡੀ:ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਮੁੱਖ ਦਫ਼ਤਰ ਮੈਂਬਰ ਇੰਚਾਰਜ ਅਤੇ ਜੁਆਇੰਟ ਸੈਕਟਰੀ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਆਦਿ ਨੇ ਸੰਬੰਧਤ ਜ਼ਮੀਨ ਦਾ ਮੁਆਇੰਨਾਂ ਕਰਦਿਆਂ ਸਕੂਲ ਦੀ ਉਸਾਰੀ ਲਈ ਲੋੜੀਂਦੀਆਂ ਕਾਰਵਾਈਆਂ ਕਰਨ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਹਨ।

## ਪਾਕਿਸਤਾਨ ਦਾ ਅਜਿਹਾ ਪਿੰਡ ਜਿਥੇ ਬਿਨ੍ਹਾਂ ਪੱਗ ਤੋਂ ਦਾਖ਼ਲੇ ਦੀ ਸਖ਼ਤ ਮਨਾਹੀ ਹੈ

ਪਾਕਿਸਤਾਨ ਦੇ ਸੂਬੇ ਖ਼ੈਬਰ ਪਖ਼ਤੂਨਖ਼ਾਹ ਦੇ ਜਿਲ੍ਹੇ ਡੇਰਾ ਇਸਮਾਈਲ ਖਾਨ ਤੋਂ ਲਗਭਗ 100 ਕਿਲੋਮੀਟਰ ਦੀ ਦੂਰੀ ਤੇ ਇਕ ਅਜਿਹਾ ਪਿੰਡ ਹੈ ਜਿਥੇ ਕੋਈ ਵਿਅਕਤੀ ਬਿਨ੍ਹਾਂ ਪੱਗ ਦੇ ਨਹੀਂ ਜਾ ਸਕਦਾ। ਇਹ ਇਕ ਵਿਸ਼ਾਲ ਇਲਾਕਾ ਅਸਤੂਰੀਆਨੀ ਵਜੋਂ ਜਾਣਿਆ ਜਾਂਦਾ ਹੈ, ਜਿਸਦਾ ਮੁੱਖ ਪਿੰਡ ਕੜੀ ਸੰਮੋਜ਼ਈ ਹੈ ਜਿਥੇ 400 ਸਾਲ ਪੁਰਾਣੀ ਪੱਗ ਬੰਨ੍ਹਣ ਦੀ ਰੀਤ ਨਿਰੰਤਰ ਕਾਇਮ ਹੈ। ਇਸ ਸਮੁੱਚੇ ਇਲਾਕੇ ਵਿੱਚ ਕੋਈ ਵੀ ਵਿਅਕਤੀ ਭਾਵੇਂ ਉਹ ਸਥਾਨਕ ਵਸਨੀਕ ਹੈ ਜਾਂ ਪਰਦੇਸੀ ਪਰ ਉਹ ਸਿਰ 'ਤੇ ਪੱਗ ਬੰਨ੍ਹ ਕੇ ਹੀ ਇਸ ਖੇਤਰ ਵਿਚ ਦਾਖ਼ਲ ਹੋ ਸਕਦਾ ਹੈ, ਨਹੀਂ ਤਾਂ ਇਸ ਖੇਤਰ ਵਿਚ ਨੰਗੇ ਸਿਰ ਵਾਲੇ ਵਿਅਕਤੀ ਦੇ ਦਾਖ਼ਲੇ ਦੀ ਸਖ਼ਤ ਮਨਾਹੀ ਹੈ। ਵਿਸ਼ੇਸ਼ਤਾ ਇਹ ਕਿ ਜੇਕਰ ਕੋਈ ਵਿਅਕਤੀ ਬਿਨ੍ਹਾਂ ਪੱਗ ਬੰਨ੍ਹੇ ਇਸ ਖੇਤਰ ਵਿਚ ਦਾਖ਼ਲ ਹੁੰਦਾ ਹੈ, ਤਾਂ ਸਥਾਨਕ ਲੋਕ ਉਸ ਨੂੰ ਇਸ ਰਸਮ ਬਾਰੇ ਸੂਚਿਤ ਕਰਦੇ ਹਨ ਅਤੇ ਜੇਕਰ ਉਸ ਕੋਲ ਸਿਰ ਢੱਕਣ ਲਈ ਕੁੱਝ ਨਾ ਹੋਵੇ ਤਾਂ ਸਥਾਨਕ ਲੋਕ ਉਸ ਨੂੰ ਪੱਗ ਪ੍ਰਦਾਨ ਕਰਦੇ ਹਨ। ਇਸ ਖੇਤਰ ਵਿਚ ਲਗਭਗ 18 ਪਿੰਡ ਹਨ। ਇੱਥੇ 80 ਫ਼ੀਸਦੀ ਪਖ਼ਤੂਲ (ਪਠਾਨ) ਅਤੇ 20 ਫ਼ੀਸਦੀ ਸਰਾਇਕੀ ਦੂਜੇ ਲੋਕ ਰਹਿੰਦੇ ਹਨ ਅਤੇ ਉਹ ਸਾਰੇ ਇਸ ਗੱਲ ਨਾਲ ਸਹਿਮਤ ਹਨ ਕਿ ਪਿੰਡ ਦੇ ਅੰਦਰ, ਬੁੱਢੇ ਅਤੇ ਨੌਜਵਾਨ, ਸਭ ਨੇ ਆਪਣੇ ਸਿਰ ਪੱਗਾਂ ਨਾਲ ਢੱਕੇ ਹੁੰਦੇ ਹਨ। ਕਿਉਂਕਿ ਇਹ ਉਹਨਾਂ ਦੇ ਬਜ਼ੁਰਗਾਂ ਦਾ ਬਹੁਤ ਪੁਰਾਣਾ ਸੱਭਿਆਚਾਰ ਹੈ।

## ਅਸਟ੍ਰੇਲੀਆ ਵਿਚ ਸਿੱਖ ਭਾਈਚਾਰਾ ਹੜ੍ਹ ਪੀੜਤਾਂ ਦੀ ਮਦਦ ਲਈ ਆਇਆ ਅੱਗੇ



ਪਿਛਲੇ ਕੁੱਝ ਦਿਨਾਂ ਤੋਂ ਮੈਲਬੌਰਨ ਅਤੇ ਵਿਕਟੋਰੀਆ ਦੇ ਨੇੜਲੇ ਇਲਾਕਿਆਂ 'ਚ ਪੈ ਰਹੇ ਭਾਰੀ ਮੀਂਹ ਕਾਰਨ ਇਸ ਦੇ ਬਹੁਤ ਸਾਰੇ ਖੇਤਰਾਂ 'ਚ ਹੜ੍ਹ ਆਏ ਹੋਏ ਹਨ। ਇ੍ਹਨਾਂ ਹੜ੍ਹਾਂ ਦੇ ਕਾਰਨ ਬਹੁਤ ਸਾਰੇ ਲੋਕ ਬੇਘਰ ਹੋ ਚੁੱਕੇ ਹਨ ਅਤੇ ਇਕ ਵਿਅਕਤੀ ਦੀ ਹੁਣ ਤੱਕ ਮੌਤ ਵੀ ਹੋ ਚੁੱਕੀ ਹੈ। ਵਿਕਟੋਰੀਆ ਸਰਕਾਰ ਦੁਆਰਾ ਜਿੱਥੇ ਹੜ੍ਹ ਪੀੜਤਾਂ ਦੀ ਮਦਦ ਲਈ ਆਰਥਿਕ ਪੈਕੇਜ਼ ਦਾ ਐਲਾਨ ਕੀਤਾ ਗਿਆ ਹੈ, ਉਥੇ ਹੀ ਵਿਕਟੋਰੀਆ ਦਾ ਸਥਾਨਕ ਸਿੱਖ ਭਾਈਚਾਰਾ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਇਆ ਹੈ। ਆਸਟ੍ਰੇਲੀਅਨ ਸਿੱਖ ਸਪੋਰਟ ਸੰਸਥਾ ਵਲੋਂ ਵਿਕਟੋਰੀਆ ਦੇ ਵੱਖ-ਵੱਖ ਇਲਾਕਿਆਂ 'ਚ ਸਥਾਲਕ ਸਿੱਖ ਭਾਈਚਾਰੇ ਤੇ ਗੁਰੂ ਘਰਾਂ ਦੇ ਸਹਿਯੋਗ ਨਾਲ ਲੰਗਰ ਅਤੇ ਹੋਰ ਮਦਦ ਪਹੁੰਚਾਈ ਜਾ ਰਹੀ ਹੈ।

## ਬਰੈਂਪਟਨ ਸਿਟੀ ਕੌਂਸਲ ਚੋਣ ਵਿਚ ਸਿੱਖੀ ਸਰੂਪ ਵਾਲੇ ਪੰਜਾਬੀ ਜਿੱਤੇ





ਪਿਛਲੇ ਕੁੱਝ ਦਿਨਾਂ ਤੋਂ ਮੈਲਬੌਰਨ ਅਤੇ ਵਿਕਟੋਰੀਆ ਦੇ ਨੇੜਲੇ ਇਲਾਕਿਆਂ 'ਚ ਪੈ ਰਹੇ ਭਾਰੀ ਮੀਂਹ ਕਾਰਨ ਇਸ ਦੇ ਬਹੁਤ ਸਾਰੇ ਖੇਤਰਾਂ 'ਚ ਹੜ੍ਹ ਆਏ ਹੋਏ ਹਨ। ਇ੍ਹਨਾਂ ਹੜ੍ਹਾਂ ਦੇ ਕਾਰਨ ਬਹੁਤ ਸਾਰੇ ਲੋਕ ਬੇਘਰ ਹੋ ਚੁੱਕੇ ਹਨ ਅਤੇ ਇਕ ਵਿਅਕਤੀ ਦੀ ਹੁਣ ਤੱਕ ਮੌਤ ਵੀ ਹੋ ਚੁੱਕੀ ਹੈ। ਵਿਕਟੋਰੀਆ ਸਰਕਾਰ ਦੁਆਰਾ ਜਿੱਥੇ ਹੜ੍ਹ ਪੀੜਤਾਂ ਦੀ ਮਦਦ ਲਈ ਆਰਥਿਕ ਪੈਕੇਜ਼ ਦਾ ਐਲਾਨ ਕੀਤਾ ਗਿਆ ਹੈ, ਉਥੇ ਹੀ ਵਿਕਟੋਰੀਆ ਦਾ ਸਥਾਨਕ ਸਿੱਖ ਭਾਈਚਾਰਾ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਇਆ ਹੈ। ਆਸਟ੍ਰੇਲੀਅਨ ਸਿੱਖ ਸਪੋਰਟ ਸੰਸਥਾ ਵਲੋਂ ਵਿਕਟੋਰੀਆ ਦੇ ਵੱਖ-ਵੱਖ ਇਲਾਕਿਆਂ 'ਚ ਸਥਾਲਕ ਸਿੱਖ ਭਾਈਚਾਰੇ ਤੇ ਗੁਰੂ ਘਰਾਂ ਦੇ ਸਹਿਯੋਗ ਨਾਲ ਲੰਗਰ ਅਤੇ ਹੋਰ ਮਦਦ ਪਹੁੰਚਾਈ ਜਾ ਰਹੀ ਹੈ।

# ਸ੍ਰੀ ਗੁਰੂ ਰਾਮਦਾਸ ਪ੍ਰਕਾਸ਼ ਪੁਰਬ ਕਮੇਟੀ ਵਲੋਂ ਡਾ.ਸਾਬਰ ਵਿਸ਼ੇਸ਼ ਸੇਵਾ ਐਵਾਰਡ ਨਾਲ ਸਨਮਾਨਿਤ

### ਦੀਵਾਨ ਦੇ ਪ੍ਰਧਾਨ ਡਾ.ਨਿੱਜਰ ਅਤੇ ਬਾਕੀ ਅਹੁਦੇਦਾਰਾਂ ਵੱਲੋਂ ਡਾ.ਸਾਬਰ ਨੂੰ ਦਿੱਤੀ ਗਈ ਵਧਾਈ



ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਦੇ ਸਿਰਜਕ ਅਤੇ 52 ਕਿਤਿਆਂ ਦੇ ਮਾਹਿਰ ਕਾਰੀਗਰਾਂ ਨੂੰ ਵਸਾਉਂਦਿਆਂ ਕਿਰਤ-ਸਿਧਾਂਤ ਨੂੰ ਪ੍ਰਫੁਲਿਤ ਕਰਨ ਵਾਲੇ ਸਿੱਖ ਧਰਮ ਦੇ ਚੌਥੇਂ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦਾ 488ਵਾਂ ਪ੍ਰਕਾਸ਼ ਦਿਵਸ ਅਤੇ ਸ੍ਰੀ ਅੰਮ੍ਰਿਤਸਰ ਦੀ ਨਗਰੀ ਦਾ 445ਵਾਂ ਸਥਾਪਨਾ ਦਿਵਸ ਸ੍ਰੀ ਗੁਰੂ ਰਾਮਦਾਸ ਗੁਰਪੁਰਬ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਹਿਰ ਦੇ ਪ੍ਰਸਿੱਧ ਨਾਟਸ਼ਾਲਾ ਥੀਏਟਰ ਅੰਮ੍ਰਿਤਸਰ ਵਿਚ ਬਹੁਤ ਹੀ ਸਚੁੱਚੇ ਢੰਗ ਨਾਲ ਮਨਾਇਆ ਗਿਆ। ਮੁੱਖ ਮਹਿਮਾਨ ਵਜੋਂ ਪੁੱਜੇ ਸ਼ਹਿਰ ਦੇ ਡੀ.ਸੀ.ਪੀ ਸ੍ਰ.ਪਰਮਿੰਦਰ ਸਿੰਘ ਭੰਡਾਲ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਪ੍ਰਕਾਸ਼ ਪੁਰਬ ਕਮੇਟੀ ਦੇ ਪ੍ਰਧਾਨ ਸ੍ਰ.ਅਜੀਤ ਸਿੰਘ ਬਸਰਾ ਜੋ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਵੀ ਹਨ ਨੇ ਡੀ.ਸੀ.ਪੀ ਸ੍ਰ.ਭੰਡਾਲ ਅਤੇ ਬਾਕੀ ਆਏ ਮਹਿਮਾਨਾਂ ਦਾ ਸੁਆਗਤ ਕਰਦਿਆਂ ਸਭ ਨੂੰ ਜੀ ਆਇਆਂ ਆਖਿਆ। ਕਮੇਟੀ ਦੇ ਜਨਰਲ ਸਕੱਤਰ ਸ੍ਰ.ਸੁਖਜਿੰਦਰ ਸਿੰਘ ਸੰਧਾਵਾਲੀਆਂ ਨੇ ਸਟੇਜ਼ ਸਕੱਤਰ ਦੀ ਸੇਵਾ ਨਿਭਾਉਂਦਿਆਂ ਡਾ.ਸਾਬਰ ਨੂੰ ਦਿੱਤੇ ਜਾਣ ਵਾਲੇ ਵਿਸ਼ੇਸ਼ ਸੇਵਾ ਐਵਾਰਡ ਲਈ ਡਾ.ਸਾਬਰ ਦੀ ਜੀਵਨੀ ਅਤੇ ਉਹਨਾਂ ਵੱਲੋਂ ਧਰਮ, ਸਾਹਿਤ, ਪੱਤਰਕਾਰੀ, ਖੋਜ਼ ਆਦਿ ਖੇਤਰਾਂ ਵਿਚ ਕੀਤੀ ਸੇਵਾ ਅਤੇ ਪ੍ਰਾਪਤੀਆਂ ਨੂੰ ਦਰਸਾਉਂਦਾ ਸਨਮਾਨ ਪੱਤਰ ਪੜਿਆ। ਉਪਰੰਤ ਪ੍ਰਕਾਸ਼ਪੁਰਬ ਕਮੇਟੀ ਦੇ ਪ੍ਰਧਾਨ ਸ੍ਰ.ਅਜੀਤ ਸਿੰਘ ਬਸਰਾ ਮੁੱਖ ਮਹਿਮਾਨ ਡੀ.ਸੀ.ਪੀ ਸ੍ਰ.ਭੰਡਾਲ ਦੀਵਾਨ ਦੇ ਐਡੀ:ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ ਕਮੇਟੀ ਦੇ ਜਨਰਲ ਸਕੱਤਰ ਸ੍ਰ.ਸੰਧਾਵਾਲੀਆ, ਸ੍ਰ.ਸੁਰਿੰਦਰ ਸਿੰਘ ਸੋਹਲ ਬਾਕੀ ਅਹੁਦੇਦਾਰਾਂ ਅਤੇ ਗੁਰਪੁਰਬ ਕਮੇਟੀ ਦੇ ਬਾਕੀ ਮੈਂਬਰਾਂ ਨੇ ਡਾ.ਸਾਬਰ ਨੂੰ ਵਿਸ਼ੇਸ਼ ਸੇਵਾ ਐਵਾਰਡ ਨਾਲ ਸਨਮਾਨਿਤ ਕੀਤਾ। ਇਸ ਸਮੇਂ ਅਜੋਕੇ ਪਰਿਵਾਰ ਮਾਹੌਲ ਨੂੰ ਦਰਸਾਉਦਾ ਸੰਬੰਧਤ ਨਾਟਕ ਕਰਮੀ ਆਪੋ ਆਪਣੀ ਪੇਸ਼ ਕੀਤਾ ਗਿਆ ਜਿਸ ਨੂੰ ਦਰਸ਼ਕਾਂ ਨੇ ਬਹੁਤ ਪ੍ਰਸੰਦ ਕੀਤਾ। ਇਸ ਸਮਾਗਮ ਵਿਚ ਨਾਟਸ਼ਾਲਾ ਦੇ ਪ੍ਰਧਾਨ ਡਾ.ਬਰਾੜ, ਸ੍ਰੀਮਤੀ ਬਸਰਾ, ਸ੍ਰੀਮਤੀ ਬਾਵਾ, ਡਾ.ਜਸਵਿੰਦਰ ਕੌਰ ਮਾਹਲ ਆਦਿ ਸਖ਼ਸੀਅਤਾਂ ਪੁੱਜੀਆਂ ਹੋਈਆਂ ਸਨ।



ਖ਼ਬਰਨਾਮਾ

## ਤਰਨਤਾਰਨ ਸਕੂਲ ਵਿੱਚ ਬੰਦੀਛੋੜ ਦਿਵਸ ਮਨਾਇਆ ਗਿਆ



ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨਤਾਰਨ ਵਿੱਚ ਬੰਦੀਛੋੜ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਵਿਦਿਆਰਥੀਆਂ ਵੱਲੋਂ ਕਵਿਤਾ ਅਤੇ ਭਾਸ਼ਣ ਦਿੱਤੇ ਗਏ। ਇਸ ਮੌਕੇ ਸਕੂਲ ਵਿੱਚ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਗਤੀਵਿਧੀਆਂ ਵਿਚ ਭਾਗ ਲਿਆ ਗਿਆ। ਸਕੂਲ ਦੇ ਚਾਰੇ ਹਾਊਸ ਦੇ ਐਚ.ਐਮ ਨੇ ਵੀ ਬੰਦੀਛੋੜ ਦਿਵਸ ਨੂੰ ਸਮਰਪਿਤ ਆਪਣੇ ਆਪਣੇ ਬੋਰਡ ਸਜਾਏ। ਦੀਵਾਨ ਦੀ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਮੈਂਬਰ ਇੰਚਾਰਜ ਸ੍ਰ.ਹਰਜੀਤ ਸਿੰਘ ਅਤੇ ਮੀਤ ਪ੍ਰਧਾਨ ਤੇ ਮੈਂਬਰ ਇੰਚਾਰਜ ਸ੍ਰ.ਗੁਰਿੰਦਰ ਸਿੰਘ ਨੇ ਸਕੂਲ ਦੇ ਸਾਰੇ ਵਿਦਿਆਰਥੀਆ, ਅਧਿਆਪਕਾਂ ਅਤੇ ਦਰਜਾ ਚਾਰ ਕਰਮਚਾਰੀਆਂ ਨੂੰ ਵਧਾਈ ਦਿੱਤੀ ਅਤੇ ਸਕੂਲ ਗਤੀਵਿਧੀਆਂ ਵਿਚ ਭਾਗ ਲੇਣ ਵਾਲੇ ਵਿਦਿਆਰਥੀਆਂ ਦੀ ਸਰਾਹਨਾ ਕੀਤੀ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਣਜੀਤ ਕੌਰ ਭਾਟੀਆ ਨੇ ਦੀਵਾਲੀ ਅਤੇ ਬੰਦੀਛੋੜ ਦਿਵਸ ਬਾਰੇ ਜਾਣਕਾਰੀ ਦਿੰਦਿਆਂ ਹੋਇਆਂ ਕਿਹਾ ਕਿ ਦੀਵਾਲੀ ਖੁਸ਼ੀਆਂ ਖੇੜਿਆਂ ਦਾ ਤਿਉਹਾਰ ਹੈ ਸਾਨੂੰ ਪਟਾਕੇ ਨਾ ਚਲਾ ਕੇ ਪ੍ਰਦੂਸ਼ਣ ਰਹਿਤ ਗਰੀਨ ਦਿਵਾਲੀ ਮਨਾਉਣੀ ਚਾਹੀਦੀ ਹੈ।

## ਝਬਾਲ ਸਕੂਲ ਨੇ ਬਾਬਾ ਬੁੱਢਾ ਜੀ ਦਾ ਜਨਮ ਦਿਨ ਮਨਾਇਆ



ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈਕੰ ਪਬਲਿਕ ਸਕੂਲ ਝਬਾਲ ਦੇ ਵਿਦਿਆਰਥੀਆਂ ਦਾ ਬਾਬਾ ਬੁੱਢਾ ਸਾਹਿਬ ਜੀ ਦੇ ਜਨਮ ਦਿਹਾੜੇ ਤੇ ਦੀਵਾਨ ਹਾਲ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਵਿਚ ਸਕੂਲ ਦੇ 22 ਵਿਦਿਆਰਥੀਆਂ ਨੇ ਵੱਖ-ਵੱਖ ਪ੍ਰਤਿਯੋਗਤਾਵਾਂ ਜਿਵੇਂ ਦਸਤਾਰ ਮੁਕਾਬਲਾ, ਕੀਰਤਨ, ਕਵਿਤਾ, ਲੈਕਚਰ ਆਦਿ ਵਿਚ ਭਾਗ ਲਿਆ ਅਤੇ ਦਸਤਾਰ ਮੁਕਾਬਲੇ ਵਿਚ (ਜੂਨੀਅਰ ਗਰੁੱਪ) ਅਭਿਮਾਨਦੀਪ ਸਿੰਘ ਨੇ ਪਹਿਲਾ ਸਥਾਨ ਅਤੇ ਅਰਮਾਨਪ੍ਰੀਤ ਸਿੰਘ ਨੇ ਦੂਸਰਾ ਸਥਾਨ, ਸੀਨੀਅਰ ਗਰੁੱਪ ਵਿੱਚੋਂ ਏਕਮਨੂਰਪ੍ਰੀਤ ਸਿੰਘ ਨੇ ਦੂਸਰਾ, ਅੰਸ਼ਪ੍ਰੀਤ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਗੁਰਲੀਨ ਕੌਰ ਤੇ ਸਾਥਣਾਂ ਨੇ ਕਵੀਸ਼ਰੀ, ਏਕਮਪ੍ਰੀਤ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਨੇ ਕੀਰਤਨ ਗਾਇਨ ਅਤੇ ਹਰਮਨਪ੍ਰੀਤ ਸਿੰਘ ਨੇ ਆਈਆਂ ਸੰਗਤਾ ਨਾਲ ਬਾਬਾ ਬੁੱਢਾ ਸਾਹਿਬ ਜੀ ਦੇ ਸੰਪੂਰਨ ਇਤਿਹਾਸ ਦੀ ਸਾਂਝ ਪਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਕੂਲ ਦੇ ਮੈਂਬਰ ਇੰਚਾਰਜ਼ ਸ੍ਰ.ਮਨਜੀਤ ਸਿੰਘ ਢਿੱਲੋਂ, ਸ੍ਰ.ਜਤਿੰਦਰਬੀਰ ਸਿੰਘ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਰਮਣੀਕ ਸਿੰਘ ਫਰੀਡਮ ਅਤੇ ਪ੍ਰਿੰਸੀਪਲ, ਸ੍ਰੀਮਤੀ ਉਰਮਿੰਦਰ ਕੌਰ ਨੇ ਬੱਚਿਆਂ ਨੂੰ ਵਧਾਈ ਦਿੰਦਿਆਂ ਭਵਿੱਖ ਵਿਚ ਵੀ ਇਸੇ ਹੀ ਤਰ੍ਹਾਂ ਬਾਣੀ, ਬਾਣੇ ਦੇ ਧਾਰਨੀ ਹੋਣ ਲਈ ਪ੍ਰੇਰਿਤ ਕੀਤਾ।

## ਸਕੂਲ ਬੁਰਜ ਮਰਹਾਣਾ ਵਿਖੇ ਵਿਦਿਆਰਥੀਆਂ ਬੰਦੀਛੋੜ ਦਿਵਸ ਤੇ ਦੀਵਾਲੀ ਮਨਾਈ




ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਬੁਰਜ ਮਰਹਾਣਾ ਵਿਖੇ ਬੰਦੀਛੋੜ ਦਿਵਸ ਅਤੇ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ। ਸਕੂਲ ਦੀ ਗਿਆਰਵੀਂ ਜਮਾਤ ਦੀ ਵਿਦਿਆਰਥਣ ਮੁਸਕਾਨਪ੍ਰੀਤ ਕੌਰ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਅਤੇ ਬੰਦੀਛੋੜ ਦਿਵਸ ਦੀ ਮਹੱਤਤਾ ਨਾਲ ਅਤੇ ਵਿਦਿਆਰਥਣ ਹਰਮਨਪ੍ਰੀਤ ਕੌਰ ਨੇ ਦੀਵਾਲੀ ਦੇ ਤਿਓਹਾਰ ਨਾਲ ਸੰਬੰਧਤ ਵਿਚਾਰ ਪੇਸ਼ ਕੀਤੇ। ਪੰਜਵੀਂ ਜਮਾਤ ਦੀ ਵਿਦਿਆਰਥਣ ਗਗਨਦੀਪ ਕੌਰ ਨੇ ਪਟਾਕਿਆਂ ਰਹਿਤ ਦੀਵਾਲੀ ਮਨਾਉਣ ਦਾ ਸੰਦੇਸ਼ ਦੇਣ ਵਾਲੀ ਕਵਿਤਾ ਪੇਸ਼ ਕੀਤੀ। ਗਿਆਰਵੀਂ ਜਮਾਤ ਦੀਆਂ ਵਿਦਿਆਰਥਣਾਂ ਵੱਲੋਂ ਵਾਤਾਵਰਣ ਦੀ ਸੰਭਾਲ ਪ੍ਰਤੀ ਜਾਗਰੂਕ ਕਰਦਾ ਨਾਟਕ ਪੇਸ਼ ਕੀਤਾ ਅਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਪਟਾਕੇ ਨਾ ਚਲਾਉਣ ਦਾ ਪ੍ਰਣ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਸ੍ਰ.ਹਰਤਾਜ ਸਿੰਘ ਸਿੱਧੂ ਨੇ ਵਿਦਿਆਰਥੀਆਂ ਨੂੰ ਪ੍ਰਦੂਸ਼ਣ ਮੁਕਤ ਹਰੀ ਦੀਵਾਲੀ ਲਈ ਪ੍ਰੇਰਿਤ ਕੀਤਾ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਕੁਲਜੀਤ ਸਿੰਘ ਤਲਵਾਰ, ਸ੍ਰ.ਕੰਵਰਦੀਪ ਸਿੰਘ, ਸ੍ਰ.ਰਵਿੰਦਰ ਸਿੰਘ ਅਤੇ ਸ੍ਰ.ਬਲਦੇਵ ਸਿੰਘ ਨੇ ਸਕੂਲ ਪ੍ਰਿੰਸੀਪਲ, ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਵਧਾਈ ਦਿੱਤੀ।

## ਝਬਾਲ ਸਕੂਲ ਨੇ ਤਾਈਕਵਾਂਡੋ ਵਿੱਚ ਓਵਰ ਆਲ ਪ੍ਰਾਪਤ ਕੀਤਾ ਦੂਸਰਾ ਸਥਾਨ



ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈਕੰ ਪਬਲਿਕ ਸਕੂਲ ਝਬਾਲ ਦੇ ਵਿਦਿਆਰਥੀ ਵਿੱਦਿਅਕ ਖੇਤਰ ਦੇ ਨਾਲ-ਨਾਲ ਖੇਡਾਂ ਵਿੱਚ ਵੀ ਨਾਮਣਾ ਖੱਟਦੇ ਰਹਿੰਦੇ ਹਨ। ਤਾਈਕਵਾਂਡੋ ਐਸੋਸ਼ੀਏਸ਼ਨ ਤਰਨਤਾਰਨ ਦੁਆਰਾ 5ਵੀਂ ਜਿਲ੍ਹਾ ਪੱਧਰ ਤਾਈਕਵਾਂਡੋ ਚੈਂਪੀਅਨਸ਼ਿਪ 2022 ਕਰਵਾਈ ਗਈ। ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਮੈਡਲ ਪ੍ਰਾਪਤ ਕੀਤੇ। ਇਸ ਵਿੱਚੋਂ ਅਭੀਜੋਤ ਸਿੰਘ, ਗੁਰਨੂਰ ਸਿੰਘ, ਹਰਜੋਤ ਸਿੰਘ, ਅਗਮਜੋਤ ਸਿੰਘ, ਅਨਹਦ ਸਿੰਘ ਨੇ (ਗੋਲਡ ਮੈਡਲ) ਅਤੇ ਅਨੁਰਾਗ ਸ਼ਰਮਾ, ਏਕਮਜੋਤ ਸਿੰਘ ਤੇ ਅਨਸ਼ਦੀਪ ਸਿੰਘ ਨੇ (ਸਿਲਵਰ ਮੈਡਲ) ਪ੍ਰਾਪਤ ਕੀਤੇ। ਇਹਨਾਂ ਖੇਡਾਂ ਵਿੱਚੋਂ ਸਕੂਲ ਨੇ ਓਵਰਆਲ ਦੂਸਰਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਮਨਜੀਤ ਸਿੰਘ ਢਿੱਲੋਂ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਜਤਿੰਦਰਬੀਰ ਸਿੰਘ, ਸ੍ਰ.ਰਮਣੀਕ ਸਿੰਘ ਅਤੇ ਪ੍ਰਿੰਸੀਪਲ ਉਰਮਿੰਦਰ ਕੌਰ ਨੇ ਖਿਡਾਰੀਆਂ ਦੀ ਹੌਂਸਲਾ ਅਫ਼ਜਾਈ ਕਰਦਿਆਂ ਅੱਗੇ ਤੋਂ ਭਵਿੱਖ ਵਿੱਚ ਵੀ ਇਸੇ ਹੀ ਤਰ੍ਹਾਂ ਮਿਹਨਤ ਕਰਕੇ ਸਕੂਲ ਅਤੇ ਮਾਤਾ-ਪਿਤਾ ਦਾ ਨਾਮ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ।

## ਦਸਤਾਰ ਸਜਾਉਣ ਵਾਲਾ ਮਨੁੱਖ ਦੂਸਰਿਆਂ ਨਾਲੋਂ ਵੱਧ ਸਮਾਜ ਪ੍ਰਤੀ ਜ਼ਿੰਮੇਵਾਰ ਹੁੰਦਾ ਹੈ: ਪ੍ਰਿੰਸੀਪਲ ਨੀਰੂ ਸ਼ਰਮਾ



ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਗੁਰ ਸਿੱਖੀ ਨੂੰ ਕਮਾਉਣ ਵਾਲੇ ਬਾਬਾ ਬਿਧੀ ਚੰਦ ਜੀ ਦੇ ਸਲਾਨਾ ਜੋੜ ਮੇਲੇ ਨੂੰ ਸਮਰਪਿਤ ਗੁਰਦੁਆਰਾ ਭੱਠਾ ਸਾਹਿਬ ਪੱਟੀ ਵਿਖੇ ਦਸਤਾਰ ਅਤੇ ਦੁਮਾਲਾ ਮੁਕਾਬਲੇ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰ:ਸਕੂਲ ਪੱਟੀ ਦੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਸਕੂਲ ਦੇ ਨੌਂ ਬੱਚਿਆਂ ਅਤੇ ਬੱਚੀਆਂ ਨੇ ਪਹਿਲਾਂ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ, ਮਾਤਾ-ਪਿਤਾ ਅਤੇ ਅਧਿਆਪਕ ਸਾਹਿਬਾਨਾਂ ਦਾ ਨਾਮ ਰੌਸ਼ਨ ਕੀਤਾ। ਸਕੂਲ ਆਉਣ ਤੇ ਪ੍ਰਿੰਸੀਪਲ ਨੀਰੂ ਸ਼ਰਮਾ ਨੇ ਬੱਚਿਆਂ ਨੂੰ ਵਧਾਈ ਦਿੰਦਿਆਂ ਸਾਬਤ ਸੂਰਤ ਰਹਿ ਕੇ ਸਿੱਖੀ ਵਾਲੇ ਗੁਣ ਆਪਣੇ ਜੀਵਨ ਵਿਚ ਕਮਾਉਣ ਦੀ ਹਦਾਇਤ ਕੀਤੀ। ਉਹਨਾਂ ਇਹ ਵੀ ਕਿਹਾ ਕਿ ਦਸਤਾਰ ਜਿਸ ਵੀ ਆਦਮੀ ਦੇ ਸਿਰ ਤੇ ਹੁੰਦੀ ਹੈ ਉਹ ਦੂਸਰਿਆਂ ਨਾਲੋਂ ਵੱਧ ਸਮਾਜ ਪ੍ਰਤੀ, ਘਰ ਪ੍ਰਤੀ ਆਪਣੇ ਪ੍ਰਤੀ ਜਿੰਮੇਵਾਰ ਹੁੰਦਾ ਹੈ। ਇਸ ਲਈ ਤੁਸੀਂ ਦੂਸਰਿਆਂ ਦੇ ਲਈ ਇਕ ਮਿਸਾਲ ਪੈਦਾ ਕਰਨੀ ਹੈ ਕਿ ਦਸਤਾਰ ਧਾਰੀ ਹੋ ਕੇ ਕਿਵੇਂ ਸੰਸਾਰ ਵਿਚ ਉਚਾਈ ਦੀਆ ਬੁਲੰਦੀਆ ਨੂੰ ਛੂਹਿਆ ਜਾਂਦਾ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਪਰਮਜੀਤ ਸਿੰਘ ਆਹੂਜਾ, ਸ੍ਰ.ਸਰਵਜੀਤ ਸਿੰਘ ਅਤੇ ਸ੍ਰ.ਗੁਰਬੀਰ ਸਿੰਘ ਢਿੱਲੋਂ ਨੇ ਇਹਨਾਂ ਜੇਤੂ ਬੱਚਿਆਂ ਅਤੇ ਉਨ੍ਹਾਂ ਦੇ ਅਧਿਆਪਕ ਸਾਹਿਬਾਨਾਂ ਨੂੰ ਵਧਾਈ ਦੇਂਦਿਆਂ ਕਿਹਾ ਕਿ ਸਾਡੇ ਸਕੂਲ ਦੇ ਬੱਚੇ ਦੂਸਰਿਆਂ ਲਈ ਮਿਸਾਲ ਬਣ ਰਹੇ ਹਨ ਕਿਉਂਕਿ ਜਿੱਥੇ ਗੁਰਬਾਣੀ ਦਾ ਵਾਸਾ ਹੁੰਦਾ ਹੈ, ਉਥੇ ਬੱਚੇ ਦਾ ਮਨ ਪੜ੍ਹਾਈ ਵਿਚ ਵਧੇਰੇ ਲਗਦਾ ਹੈ। ਇਸ ਮੌਕੇ ਧਾਰਮਿਕ ਅਧਿਆਪਕ ਸ੍ਰ.ਜਗਜੀਤ ਸਿੰਘ, ਸ੍ਰ.ਉਂਕਾਰ ਸਿੰਘ, ਸੁਪਰਵਾਈਜ਼ਰ ਮੈਡਮ ਹਰਪ੍ਰੀਤ ਕੌਰ ਚੀਮਾ ਅਤੇ ਬੱਚੇ ਹਾਜ਼ਰ ਸਨ।

## ਤਰਨਤਾਰਨ ਸਕੂਲ ਵਿਖੇ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ ਪੂਰਬ ਮਨਾਇਆ ਗਿਆ







ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨਤਾਰਨ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੂਰਬ ਨੂੰ ਸਮਰਪਤ ਸਕੂਲ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਈ। ਸਕੂਲ ਦੇ ਵਿਦਿਆਰਥੀਆ ਵੱਲੋਂ ਸ਼ਬਦ ਗਾਇਨ ਕੀਤੇ ਗਏ। ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਨਾਲ ਸਬੰਧਤ ਕਵਿਤਾ ਬੋਲੀ ਗਈ ਅਤੇ ਭਾਸ਼ਣ ਦਿੱਤਾ ਗਿਆ। ਸਕੂਲ ਦੇ ਧਾਰਮਿਕ ਅਧਿਆਪਕ ਸ੍ਰ.ਜਗਦੀਪ ਸਿੰਘ ਨੇ ਗੁਰੂ ਰਾਮਦਾਸ ਜੀ ਦੇ ਜੀਵਨ ਅਤੇ ਕੰਮਾਂ ਤੇ ਰੋਸ਼ਨੀ ਪਾਈ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਤਰਨਤਾਰਨ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਹਰਜੀਤ ਸਿੰਘ, ਮੀਤ ਪ੍ਰਧਾਨ ਮੈਂਬਰ ਇੰਚਾਰਜ ਸ੍ਰ.ਗੁਰਿੰਦਰ ਸਿੰਘ ਵੱਲੋਂ ਇਸ ਸਮਾਗਮ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸਰਾਹਨਾ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿਚ ਵੀ ਅਜਿਹੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਸਾਨੂੰ ਗੁਰੂ ਸਾਹਿਬ ਜੀ ਦੇ ਦੱਸੇ ਹੋਏ ਮਾਰਗ ਤੇ ਚਲਦਿਆਂ ਬਾਣੀ ਨਾਲ ਜੁੜ ਕੇ ਲੋਕ ਭਲਾਈ ਦੇ ਕੰਮਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ।



ਖ਼ਬਰਨਾਮਾ

## ਦੀਵਾਨ ਦੇ ਸਕੂਲਾਂ ਵਿਚ ਪੜ੍ਹਦੇ 500 ਬੱਚਿਆਂ ਨੇ ਛੱਕਿਆ ਅੰਮ੍ਰਿਤ ਵਿਦਿਆਰਥੀ ਸਿੱਖ ਰਹਿਤ ਮਰਿਆਦਾ ਵਾਲੀ ਜੀਵਨ ਜਾਚ ਅਪਨਾਉਣ -ਡਾ.ਨਿੱਜਰ





ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਵਲੋਂ ਚੀਫ਼ ਖ਼ਾਲਸਾ ਦੀਵਾਨ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਅੰਮ੍ਰਿਤ ਸੰਚਾਰ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਵਿਸ਼ੇਸ਼ ਤੌਰ ਤੇ ਪੁੱਜੇ ਪੰਜ ਪਿਆਰਿਆਂ ਵੱਲੋਂ ਪੂਰੀ ਮਰਿਆਦਾ ਅਨੁਸਾਰ ਪੰਜ ਬਾਣੀਆਂ ਦਾ ਪਾਠ ਕਰਕੇ ਅੰਮ੍ਰਿਤ ਤਿਆਰ ਕੀਤਾ ਗਿਆ ਅਤੇ ਪੰਜ ਕਕਾਰਾਂ ਨਾਲ ਸੁਸੱਜਿਤ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਦੇ ਲਗਭਗ 500 ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਗੁਰਮਰਿਆਦਾ ਅਨੁਸਾਰ ਅੰਮ੍ਰਿਤਪਾਨ ਕਰਵਾਇਆ ਗਿਆ ਜੋ ਦਸਮੇਸ਼ ਪਿਤਾ ਵੱਲੋਂ ਬਖਸ਼ੀ ਦਾਤ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ ਅਤੇ ਸਿੰਘ ਸਜੇ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਨੇ ਧਰਮ ਪ੍ਰਚਾਰ ਕਮੇਟੀ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਗੁਰੂ ਨਾਲ ਜੁੜਨ ਤੇ ਵਧਾਈ ਦਿੱਤੀ। ਉਹਨਾਂ ਬੱਚਿਆਂ ਨੂੰ ਗੁਰ ਸਿਖਿਆਵਾਂ ਅਤੇ ਸਿੱਖ ਰਹਿਤ ਮਰਿਆਦਾ ਅਨੁਸਾਰ ਸਿੱਖੀ ਜੀਵਨ ਜਾਚ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ.ਹਰੀ ਸਿੰਘ ਨੇ ਕਿਹਾ ਕਿ ਅੱਜ ਨਸ਼ਿਆ ਦੇ ਦੌਰ ਵਿਚ ਨੌਜਵਾਲ ਪੀੜ੍ਹੀ ਨੂੰ ਗੁਰੂ ਨਾਲ ਜੋੜਣਾ ਸਮੇਂ ਦੀ ਮੁੱਖ ਲੋੜ੍ਹ ਹੈ ਅਤੇ ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਵਲੋ ਸਿੱਖ ਪਨੀਰੀ ਨੂੰ ਗੁਰ ਸਿਧਾਤਾਂ ਅਤੇ ਸਿੱਖੀ ਜੀਵਨ ਜਾਚ ਨਾਲ ਜੋੜਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ.ਹਰੀ ਸਿੰਘ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਵਰਿਆਮ ਸਿੰਘ, ਸ੍ਰ.ਅਜਾਇਬ ਸਿੰਘ ਅਭਿਆਸੀ, ਸ੍ਰ.ਗੁਰਭੇਜ ਸਿੰਘ, ਪ੍ਰੋ.ਸੂਬਾ ਸਿੰਘ ਆਦਿ ਮੈਂਬਰ ਹਾਜ਼ਰ ਸਨ।

## ਲਿੰਕ ਰੋਡ ਸੁਲਤਾਨਵਿੰਡ ਦੇ ਨਵੇਂ ਮੈਂਬਰ ਇੰਚਾਰਜ ਨਿਯੁਕਤ



ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵੱਲੋਂ ਸ੍ਰ.ਇਕਬਾਲ ਸਿੰਘ, ਸ੍ਰ.ਸਵਰਾਜ ਸਿੰਘ ਸ਼ਾਮ, ਸ੍ਰ.ਅਮਰਦੀਪ ਸਿੰਘ ਮਰਵਾਹਾ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਸੁਲਤਾਨਵਿੰਡ ਲਿੰਕ ਰੋਡ ਦੇ ਨਵੇਂ ਮੈਂਬਰਜ਼ ਇੰਚਾਰਜ ਨਿਯੁਕਤ ਕੀਤਾ ਗਿਆ। ਗੁਰੂ ਘਰ ਨਾਲ ਜੁੜੇ ਅਤੇ ਉਸਾਰੂ ਪ੍ਰਬੰਧਕ ਨੀਤਿਆਂ ਦੇ ਮਾਲਕ ਸ੍ਰ.ਇਕਬਾਲ ਸਿੰਘ, ਸ੍ਰ.ਸਵਰਾਜ ਸਿੰਘ ਸ਼ਾਮ, ਸ੍ਰ.ਅਮਰਦੀਪ ਸਿੰਘ ਮਰਵਾਹਾ ਲੋਕ ਸੇਵਾ ਦੇ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਚੀਫ਼ ਖ਼ਾਲਸਾ ਦੀਵਾਨ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਮੁੱਖ ਦਫ਼ਤਰ ਮੈਂਬਰਜ਼ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਅਤੇ ਹੋਰਨਾਂ ਮੈਂਬਰਜ਼ ਸਾਹਿਬਾਨ ਵੱਲੋਂ ਸ੍ਰ.ਇਕਬਾਲ ਸਿੰਘ, ਸ੍ਰ.ਸਵਰਾਜ ਸਿੰਘ ਸ਼ਾਮ, ਸ੍ਰ.ਅਮਰਦੀਪ ਸਿੰਘ ਮਰਵਾਹਾ ਨੂੰ ਮੂਲ ਮੰਤਰ ਦੇ ਪਾਠ ਕਰਨ ਉਪਰੰਤ ਗੁਰੂ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਸਕੂਲ ਦੇ ਮੈਂਬਰਜ਼ ਇੰਚਾਰਜ ਵਜੋਂ ਸੇਵਾਵਾਂ ਸੌਂਪੀਆਂ ਗਈਆਂ ਅਤੇ ਆਸ ਪ੍ਰਗਟਾਈ ਗਈ ਕਿ ਨਵ-ਨਿਯੁਕਤ ਮੈਂਬਰਜ਼ ਇੰਚਾਰਜ ਆਪਸੀ ਮਿਲਵਰਤਨ ਅਤੇ ਸਹਿਯੋਗ ਨਾਲ ਪੂਰੀ ਇਮਾਨਦਾਰੀ ਅਤੇ ਸਮਰਪਨ ਭਾਵ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣਗੇ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਗੁਰਪ੍ਰੀਤ ਕੌਰ ਸੇਠੀ ਅਤੇ ਸਕੂਲ ਸਟਾਫ ਵੱਲੋਂ ਨਵੇਂ ਮੈਂਬਰਜ਼ ਇੰਚਾਰਜ ਦਾ ਨਿੱਘਾ ਸੁਆਗਤ ਕੀਤਾ ਗਿਆ। ਤਿੰਨਾਂ ਮੈਂਬਰਜ਼ ਇੰਚਾਰਜ ਨੇ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਦਾ ਉਹਨਾਂ ਨੂੰ ਇਹ ਸੇਵਾ ਸੌਂਪਣ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਸੌਂਪੀ ਗਈ ਇਸ ਸੇਵਾ ਨੂੰ ਤਨ-ਮਨ ਨਾਲ ਨਿਭਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਮੁੱਖ ਦਫ਼ਤਰ ਮੈਂਬਰਜ਼ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਇੰਦਰਜੀਤ ਸਿੰਘ ਅੜੀ, ਸ੍ਰ.ਸਰਜੋਤ ਸਿੰਘ ਸਾਹਨੀ, ਸ੍ਰ.ਹਰਿੰਦਰਪਾਲ ਸਿੰਘ ਸੇਠੀ, ਸ੍ਰ.ਹਰਮਨਜੀਤ ਸਿੰਘ, ਸ੍ਰ.ਰਮਣੀਕ ਸਿੰਘ, ਸ੍ਰ.ਜਸਮੀਤ ਸਿੰਘ, ਸ੍ਰ.ਹਰਪ੍ਰੀਤ ਸਿੰਘ, ਸ੍ਰ.ਤਰਲੋਚਨ ਸਿੰਘ, ਸ੍ਰ.ਗੁਰਬਖਸ਼ ਸਿੰਘ ਬੇਦੀ, ਸ੍ਰ.ਵਰਿੰਦਰਪਾਲ ਸਿੰਘ ਕੋਚਰ, ਆਦਿ ਮੈਂਬਰ ਸਾਹਿਬਾਨ ਸਮੇਤ ਸਕੂਲ ਪ੍ਰਿੰਸੀਪਲ ਅਤੇ ਸਟਾਫ਼ ਹਾਜ਼ਰ ਸਨ।

# ਦੀਵਾਨ ਵਲੋਂ ਡਾ. ਏ.ਪੀ. ਸਿੰਘ ਚਾਵਲਾ ਡਾਇਰੈਕਟਰ ਐਜੂਕੇਸ਼ਨ ਨਿਯੁਕਤ





ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵਲੋਂ ਸੀ.ਕੇ.ਡੀ ਸਕੂਲਾਂ ਦਾ ਵਿਦਿਅਕ ਮਿਆਰ ਉਪਰ ਚੁੱਕਣ ਅਤੇ ਐਜੂਕੇਸ਼ਨਲ ਪ੍ਰਬੰਧਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਹਿੱਤ ਉਘੇ ਵਿਦਿਅਕ ਸ਼ਾਸਤਰੀ ਅਤੇ ਕੁਸ਼ਲ ਐਜੂਕੇਸ਼ਨ ਪ੍ਰਬੰਧਕ ਡਾ.ਏ.ਪੀ. ਸਿੰਘ ਚਾਵਲਾ ਨੂੰ ਡਾਇਰੈਕਟਰ ਐਜੂਕੇਸ਼ਨ ਆਪਰੇਸ਼ਨਜ਼ ਨਿਯੁਕਤ ਕੀਤਾ ਗਿਆ ਹੈ। ਸਿਖਿਆ ਖੇਤਰ ਵਿਚ 30 ਸਾਲ ਦਾ ਤਜ਼ਰਬਾ ਰੱਖਣ ਵਾਲੇ ਡਾ.ਏ.ਪੀ. ਸਿੰਘ ਚਾਵਲਾ (ਐਮ.ਐਸ.ਸੀ (ਮੈਥ) ਡਾਕਟਰ ਆਫ ਲਿਟਰੇਚਰ) ਵੱਖ-ਵੱਖ ਨਾਮਵਰ ਸੰਸਥਾਵਾਂ ਵਿਚ ਵੱਕਾਰੀ ਅਹੁਦਿਆਂ ਤੇ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਅਨੇਕਾਂ ਐਵਾਰਡਾਂ ਨਾਲ ਸਨਮਾਨਿਤ ਕੀਤੇ ਜਾ ਚੁੱਕੇ ਹਨ।

ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਐਜੂਕੇਸ਼ਨਲ ਕਮੇਟੀ ਆਨਰੇਰੀ ਸਕੱਤਰ ਡਾ.ਐਸ.ਐਸ.ਛੀਨਾ ਅਤੇ ਹੋਰ ਅਹੁਦੇਦਾਰਾਂ, ਮੈਂਬਰ ਸਾਹਿਬਾਨ ਵਲੋਂ ਡਾ.ਏ.ਪੀ.ਸਿੰਘ ਚਾਵਲਾ ਨੂੰ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਗੁਰੂ ਕੀ ਬਖਸ਼ਿਸ਼ ਸਿਰੋਪਾਓ ਪਾਇਆ ਗਿਆ ਉਪਰੰਤ ਉਹਨਾਂ ਨੂੰ ਨਵੇਂ ਬਣਾਏ ਗਏ ਦਫ਼ਤਰ ਵਿਚ ਨਵੇਂ ਅਹੁਦੇ ਦੀਆਂ ਜ਼ਿੰਮੇਵਾਰੀਆਂ ਸੋਪੀਆਂ ਗਈਆਂ ਅਤੇ ਆਸ ਪ੍ਰਗਟ ਕੀਤੀ ਗਈ ਕਿ ਡਾ.ਅੰਮ੍ਰਿਤਪਾਲ ਸਿੰਘ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਖਾਸਕਰ ਪੇਂਡੂ ਸਕੂਲਾਂ ਨੂੰ ਆਧੁਨਿਕ ਸਮੇਂ ਦਾ ਹਾਣੀ ਬਣਾਉਣ ਹਿੱਤ ਨਵੀਆਂ ਉਸਾਰੂ ਪ੍ਰਬੰਧਕ ਨੀਤੀਆਂ ਅਤੇ ਤਕਨੀਕਾਂ ਲਾਗੂ ਕਰਦਿਆਂ ਸਕੂਲਾਂ ਨੂੰ ਵਿਕਾਸ ਦੀਆਂ ਲੀਹਾਂ ਤੇ ਲੈ ਕੇ ਜਾਣਗੇ ਅਤੇ ਚੀਫ਼ ਖ਼ਾਲਸਾ ਦੀਵਾਨ ਸੰਸਥਾ ਅਤੇ ਸਕੂਲਾਂ ਦਾ ਨਾਮ ਰੋਸ਼ਨ ਕਰਨ ਵਿਚ ਅਹਿਮ ਯੋਗਦਾਨ ਪਾਉਣਗੇ। ਉਹਨਾਂ ਆਸ ਕੀਤੀ ਕਿ ਚੀਫ਼ ਖ਼ਾਲਸਾ ਦੀਵਾਨ ਐਜੂਕੇਸ਼ਨਲ ਕਮੇਟੀ ਵੱਲੋਂ 3 ਤੋਂ 5 ਦਸੰਬਰ 2022 ਵਿਚ ਆਯੋਜਿਤ ਹੋਣ ਵਾਲੀ ਸਿੱਖ ਐਜੂਕੇਸ਼ਨਲ ਕਾਨਫਰੰਸ ਦੌਰਾਨ ਉਹ ਸਮਰਪਤ ਭਾਵਨਾਂ ਨਾਲ ਸੇਵਾਵਾਂ ਨਿਭਾਉਂਦਿਆਂ ਕਾਨਫਰੰਸ ਦੀ ਸਫ਼ਲ ਸੰਪੂਰਨਤਾ ਲਈ ਵੀ ਵਿਸ਼ੇਸ਼ ਭੂਮਿਕਾ ਨਿਭਾਉਣਗੇ।

ਇਸ ਮੋਕੇ ਨਵ-ਨਿਯੁਕਤ ਡਾ.ਏ.ਪੀ ਸਿੰਘ ਨੇ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਦਾ ਉਹਨਾਂ ਦੀ ਕਾਬਲਿਅਤ ਤੇ ਵਿਸ਼ਵਾਸ ਰੱਖਦਿਆਂ ਉਹਨਾਂ ਨੂੰ ਇਸ ਵੱਕਾਰੀ ਅਹੁਦੇ ਦੀਆਂ ਸੇਵਾਵਾਂ ਸੌਂਪਣ ਲਈ ਧੰਨਵਾਦ ਕੀਤਾ ਅਤੇ ਸੌਂਪੀ ਗਈ ਇਸ ਸੇਵਾ ਨੂੰ ਪ੍ਰਬੰਧਕਾਂ ਦੀਆਂ ਆਸਾਂ-ਇੱਛਾਵਾਂ ਅਨੁਸਾਰ ਮਿਹਨਤ ਅਤੇ ਸਮਰਪਣ ਭਾਵ ਨਾਲ ਨਿਭਾਉਣ ਦਾ ਭਰੋਸਾ ਦਿੱਤਾ। ਇਸ ਮੋਕੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਐਜੂਕੇਸ਼ਨਲ ਕਮੇਟੀ ਆਨਰੇਰੀ ਸਕੱਤਰ ਡਾ.ਐਸ.ਐਸ.ਛੀਨਾ, ਸ੍ਰ.ਰਾਬਿੰਦਰਬੀਰ ਸਿੰਘ ਭੱਲਾ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਹਰਿੰਦਰਪਾਲ ਸਿੰਘ ਸੇਠੀ, ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਹਰਵਿੰਦਰਪਾਲ ਸਿੰਘ ਚੁੱਘ, ਸ੍ਰ.ਮਨਪ੍ਰੀਤ ਸਿੰਘ, ਸ੍ਰ.ਇਕਬਾਲ ਸਿੰਘ, ਡਾ.ਸਾਬਰ, ਅੰਡਰ ਸੈਕਟਰੀ ਸ੍ਰ.ਹਰਭਜਨ ਸਿੰਘ, ਪ੍ਰਿੰਸੀਪਲ ਡਾ.ਧਰਮਵੀਰ ਸਿੰਘ ਆਦਿ ਮੈਂਬਰ ਸਾਹਿਬਾਨ ਹਾਜ਼ਰ ਸਨ।





# ਦੀਵਾਨ ਨੇ ਸਤਵੇਂ ਗੁਰੂ ਹਰਿਰਾਏ ਸਾਹਿਬ ਜੀ ਦਾ ਜੋਤੀ ਜਤਿ ਦਿਵਸ ਅਤੇ ਅਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ ਮਨਾਇਆ।



ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ ਨੇ ਦੀਵਾਨ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੋਤੀ ਜੋਤਿ ਦਿਵਸ ਅਤੇ ਅਠਵੀਂ ਪਾਤਸ਼ਾਹੀ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਮੋਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਨਤਮਸਤਕ ਹੁੰਦਿਆਂ ਅਰਦਾਸ ਕੀਤੀ ਅਤੇ ਗੁਰੂ ਸਾਹਿਬਾਨ ਦੇ ਚਰਨਾਂ ਵਿਚ ਸ਼ਰਧਾ ਸਹਿਤ ਨਮਨ ਕੀਤਾ। ਇਸ ਮੋਕੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਨੇ ਕਿਹਾ ਕਿ ਸੇਵਾ ਅਤੇ ਨਿਮਰਤਾ ਦੇ ਪੁੰਜ ਧੰਨ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਛੋਟੇ ਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਉਹਨਾਂ ਦੀ ਵਿਲਖਣ ਬੁੱਧੀ, ਲਗਨ ਅਤੇ ਸੇਵਾ ਭਾਵ ਕਰਕੇ ਸਭ ਤੋਂ ਛੋਟੀ ਮਹਿਜ 5 ਸਾਲ ਦੀ ਉਮਰ ਵਿੱਚ ਗੁਰਿਆਈ ਦੀ ਦਾਤ ਬਖਸ਼ੀ ਸੀ। ਉਹਨਾਂ ਨੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਵੱਲੋਂ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪਵਿੱਤਰ ਨਾਮ ਤੇ 50 ਸਕੂਲ ਚਲਾਏ ਜਾ ਰਹੇ ਹਨ ਜਿਥੇ ਸਿੱਖੀ ਅਤੇ ਗੁਰਮਤਿ ਵਿਦਿਆ ਦੇ ਪ੍ਰਚਾਰ-ਪ੍ਰਸਾਰ ਨੂੰ ਪ੍ਰਚੰਡ ਕਰਨ ਦੇ ਨਾਲ-ਨਾਲ ਬੱਚਿਆਂ ਨੂੰ ਨਾਮ ਬਾਣੀ ਅਤੇ ਗੁਰੂ-ਸਿੱਖਿਆਵਾਂ ਨਾਲ ਜੋੜਨ ਦੇ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਇਸ ਇਤਿਹਾਸਕ ਅਤੇ ਪਵਿੱਤਰ ਦਿਹਾੜੇ ਮੋਕੇ ਉਹਨਾਂ ਸੰਗਤਾਂ ਨੂੰ ਗੁਰਬਾਣੀ ਅਨੁਸਾਰ ਜੀਵਨ-ਜਾਂਚ ਅਪਣਾਉਣ ਅਤੇ ਗੁਰੂ ਸਾਹਿਬਾਨ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਅਰਦਾਸ ਮੋਕੇ ਆਨਰੇਰੀ ਸਕੱਤਰ ਸ੍ਰ. ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ. ਅਜੀਤ ਸਿੰਘ ਬਸਰਾ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ. ਸੁਖਜਿੰਦਰ ਸਿੰਘ ਪ੍ਰਿੰਸ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ. ਜਸਪਾਲ ਸਿੰਘ ਢਿੱਲੋਂ, ਮੈਂਬਰਜ਼ ਸ੍ਰ. ਗੁਰਪ੍ਰੀਤ ਸਿੰਘ ਸੇਠੀ, ਸ੍ਰ. ਰਾਬਿੰਦਰਬੀਰ ਸਿੰਘ ਭੱਲਾ, ਸ੍ਰ. ਅਵਤਾਰ ਸਿੰਘ ਘੁੱਲਾ ਅਤੇ ਹੋਰ ਮੈਂਬਰ ਸਾਹਿਬਾਨ ਦੇ ਨਾਲ-ਨਾਲ ਅੰਡਰ ਸੈਕਟਰੀ ਸ੍ਰ.ਹਰਭਜਨ ਸਿੰਘ, ਡਾ. ਜਸਬੀਰ ਸਿੰਘ ਸਾਬਰ ਅਤੇ ਦਫ਼ਤਰੀ ਸਟਾਫ਼ ਹਾਜ਼ਰ ਸੀ।

# ਅਮਰੀਕੀ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੇ ਸਜਾਈਆਂ ਦਸਤਾਰਾਂ

ਸਿੱਖ ਧਰਮ ਦੀ ਵਿਲੱਖਣਤਾ ਨੂੰ ਦਰਸਾਉਣ ਅਤੇ ਸਿੱਖ ਸਭਿਆਚਾਰ ਦੇ ਗੌਰਵਮਈ ਵਿਰਸੇ ਤੋਂ ਜਾਣੂੰ ਕਰਾਉਣ ਲਈ ਇਕ ਪ੍ਰੋਗਰਾਮ ਅਮਰੀਕਾ ਦੇ ਓਹਾਈਓ ਸੂਬੇ ਦੀ ਰਾਈਟ ਸਟੇਟ ਯੂਨੀਵਰਸਿਟੀ ਡੇਟਨ ਵਿਖੇ ਸਿੱਖਜ਼ ਇਨ ਮਅਰੀਕਾ ਵੱਲੋਂ ਰਾਈਟ ਸਟੇਟ ਯੂਨੀਵਰਸਿਟੀ ਵਿਖੇ ਕੀਤਾ ਗਿਆ। ਯੂਨੀਵਰਸਿਟੀ ਵਿਖੇ ਸਾਲ 1979 ਤੋਂ ਕੰਮ ਕਰ ਰਹੇ ਪ੍ਰੋਫੈਸਰ ਡਾ.ਕੁਲਦੀਪ ਸਿੰਘ ਰਤਨ ਨੇ ਦਸਿਆ ਕਿ ਅਮਰੀਕਾ ਵਿਚ 11 ਸਤੰਬਰ 2001 (9/11) ਦੇ ਹਮਲੇ ਤੋਂ ਬਾਅਦ ਹਰ ਟੀ.ਵੀ ਚੈਨਲ ਵੱਲੋਂ ਓਸਾਮਾ ਬਿਨ ਲਾਦੇਨ ਦੀ ਪੱਗ ਅਤੇ ਦਾੜ੍ਹੀ ਵਾਲੀਆਂ ਤਸਵੀਰਾਂ ਨੂੰ ਦਿਖਾਇਆ ਜਾ ਰਿਹਾ ਸੀ ਜਿਸ ਕਾਰਨ 9/11 ਤੋਂ ਬਾਅਦ ਸਾਡੇ ਬਾਰੇ ਲੋਕਾਂ ਦਾ ਨਜ਼ਰੀਆ ਅਮਰੀਕਾ ਵਿਚ ਥੋੜ੍ਹਾ ਬਦਲ ਗਿਆ ਸੀ। ਇਹੀ ਕਾਰਨ ਹੈ ਕਿ ਸਿੱਖਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਅਜਿਹੇ ਪ੍ਰੋਗਰਾਮਾਂ ਨੂੰ ਕਰਵਾਉਣਾ ਜ਼ਰੂਰੀ ਹੋ ਗਿਆ ਹੈ।

ਯੂਨੀਵਰਸਿਟੀ ਵਿਖੇ ਇੰਜੀਨੀਅਰਿੰਗ ਵਿਚ ਮਾਸਟਰਜ਼ ਕਰ ਰਹੇ ਵਿਦਿਆਰਥੀ ਹਰਰੂਪ ਸਿੰਘ ਅਤੇ ਹਰਸ਼ਦੀਪ ਸਿੰਘ ਨੇ ਆਖਿਆ ਕਿ ਇਸ ਸਮਾਗਮ ਨੇ ਸਾਡੀ ਯੂਨੀਵਰਸਿਟੀ ਦੇ ਭਾਈਚਾਰੇ ਨੂੰ ਇੱਕਠੇ ਹੋਣ, ਸਿੱਖ ਧਰਮ ਬਾਰੇ ਹੋਰ ਜਾਣਨ, ਸਮਝਣ ਅਤੇ ਸਿੱਖ, ਸਭਿਆਚਾਰ ਦੇ ਗੌਰਵਮਈ ਵਿਰਸੇ ਤੋਂ ਜਾਣੂੰ ਕਰਾਉਣ ਲਈ ਇਕ ਵਧੀਆ ਮੋਕਾ ਪ੍ਰਦਾਨ ਕੀਤਾ ਹੈ।



# ਕੈਨੇਡਾ ਪੰਜਾਬਣ ਪੁਲਿਸ ਅਧਿਕਾਰੀ ਨੂੰ ਮਿਲਿਆ ਉਚ ਸਨਮਾਨ

ਸੀਨੀਅਰ ਪੰਜਾਬਣ ਪੁਲਿਸ ਅਧਿਕਾਰੀ ਸੁਖਜੀਤ ਕੌਰ ਸੁੱਖੀ ਢੇਸੀ ਨੇ ਵੱਡਾ ਨਾਮਣਾ ਖਟਿਆ ਹੈ। ਕੈਨੇਡਾ ਦੀ ਗਵਰਨਰ ਜਨਰਲ ਮੇਰੀ ਸਾਈਮਨ ਨੇ ਸੁਖਜੀਤ ਕੌਰ ਸੁੱਖੀ ਢੇਸੀ ਨੂੰ ਪੁਲਿਸ ਦੇ ਸਰਬਉੱਚ ਸਨਮਾਨ ਪੁਲਿਸ ਐਗਜ਼ਮਪਲਰੀ ਸਰਵਿਸ ਮੈਡਲ ਨਾਲ ਸਨਮਾਲਤ ਕੀਤਾ ਹੈ।

ਸੁਖਜੀਤ ਢੇਸੀ ਨੂੰ ਇਹ ਸਨਮਾਨ ਪੁਲਿਸ ਮਹਿਮਕੇ ਵਿਚ 30 ਸਾਲ ਦੀਆ ਸ਼ਾਨਦਾਰ ਸੇਵਾਵਾਂ ਬਦਲੇ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਦੇ ਗਵਰਨਰ ਜਨਰਲ ਵੱਲੋਂ ਇਹ ਸਰਬਉਚ ਸਨਮਾਨ ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ 20 ਸਾਲ ਜਨਤਕ ਸੁਰੱਖਿਆ ਵਿਚ ਅਹਿਮ ਯੋਗਦਾਨ ਪਾਇਆ ਹੋਵੇ।

Postal No. L-I/PB-ASR/0220/2022-2024

# ਸਿੱਖ ਇਤਿਹਾਸਕ ਦਿਹਾੜੇ
















Regd-RNI-64/57 ISSN - 2454-6488
ਪ੍ਰਕਾਸ਼ਕ ਤੇ ਛਾਪਕ ਅਜੀਤ ਸਿੰਘ ਬਸਰਾ ਨੇ ਪ੍ਰਿੰਟਵੈਲ ਅੰਮ੍ਰਿਤਸਰ ਤੋਂ ਛਪਵਾ ਕੇ ਖ਼ਾਲਸਾ ਟ੍ਰੈਕਟ ਸੁਸਾਇਟੀ, ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ 10-11-2022 ਨੂੰ ਜਾਰੀ ਕੀਤਾ ।